ਸਰਪ੍ਰਸਤ ਗੁਰਗੱਦੀ ਬਾਬਾਂ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ

ਮਾਸਕ ਪੱਤਰ

# ਅਜੂਨੀ

ਅਪ੍ਰੈਲ, ਮਈ, ਜੂਨ 1981

## ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ

ਆਪ ਜੀ ਦਾ 245ਵਾਂ ਜਨਮ ਦਿਹਾੜਾ ਊਨਾ ਸਾਹਿਬ ਵਿਖੇ 207 ਅਖੰਡ ਪਾਠ ਰਖਵਾ ਕੇ ਬੜੀ ਧੂਮ ਧਾਮ ਨਾਲ ਮਨਾਇਆ ਗਿਆ।



ਆਪ ਗੁਰੂ ਨਾਨਕ ਪਾਤਸ਼ਾਹ ਦੀ ਗਿਆਰਵੀਂ ਸੰਤਾਨਕ ਸੰਤ ਹਨ।

ਪਾਤਸ਼ਾਹਾਂ ਦੀ ਯਾਦ ਵਿਚ 28 ਮਾਰਚ ਸਾਰੀ ਰਾਤ ਦਾ ਦੀਵਾਨ ਹਰ ਹੁੰਦਾ ਹੈ। ਆਸਾ ਜੀ ਦੀ ਵਾਰ ਦੇ ਕੀਰਤਨ ਤੋਂ ਉਪਰੰਤ 29 ਮਾਰਚ ਪਾਤਸ਼ਾਹਾਂ ਦੇ ਜਨਮ-ਦਿਨ ਦੀ ਸਮਾਪਤੀ ਕੀਤੀ ਜਾਂਦੀ ਹੈ।

ਦਰਬਾਰ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਊਨੇ ਸਹਿਬ ਵਿਖੇ ਜੋ ਬਾਬਾ ਸਾਹਿਬ ਸਿੰਘ ਜੀ ਨੇ ਆਪਣੇ ਸੇਵਕ ਸੰਤ ਭਾਈ ਬੀਰ ਸਿੰਘ ਜੀ ਨਿਰੰਗਾਬਾਦ ਵਾਲਿਆਂ ਕੋਲੋਂ ਆਪਣੀ ਜਿੰਦਗੀ ਵਿਚ ਹੀ ਨਿਸ਼ਾਨ ਕਾਇਮ ਕਰ ਦਿਤਾ ਸੀ। ਸੰਤ ਭਾਈ ਬੀਰ ਸਿੰਘ ਜੀ ਨਾਲ ਪ੍ਰਸੰਨ ਹੋ ਕੇ ਬਾਬਾ ਸਾਹਿਬ ਸਿੰਘ ਜੀ ਨੇ ਆਪਣੇ ਲੰਗਰ ਦੀਆਂ ਦੇਗਾਂ ਪ੍ਰਸੰਨ ਹੋ ਕੇ ਦੇ ਦਿਤੀਆਂ ਤੇ ਆਖਿਆ ਅੰਗਰੇਜ਼ ਆਉਣਗੇ ਸਾਡੇ ਕਿਲੇ ਢਾਹ ਢੇਰੀ ਕਰਨਗੇ। ਔਰ ਗੁਰੂ ਦੇ ਲੰਗਰ ਬੰਦ ਹੋਜਾਣਗੇ। ਆਪ ਮੇਰੇ ਅਨਿਨ ਭਗਤ ਹੋ ਮੇਰਾ ਗੁਰੂ ਦਾ ਲੰਗਰ ਜਾ ਕੇ ਨੌਰੰਗਾਬਾਦ ਚਲਾਉ। ਜਿਥੇ ਬਰਕਤ ਵਾਲੀਆਂ ਦੇਗਾਂ ਦਿਤੀਆਂ ਉਥੇ ਨਾਲ ਇਹ ਵੀ ਵਰ ਦਿਤਾ ਕਿ ਸੰਤ ਜੀ ਇਹ ਖੜੀਆ ਲੈ ਜਾਉ। ਮੇਰਾ ਖੀਸਾ ਹੋਵੇਗਾ ਆਪ ਦਾ ਹੱਥ ਹੋਵੇਗਾ। ਜਿਨੀ ਮਰਜੀ ਲੋੜ ਅਨੁਸਾਰ ਮਾਇਆ ਖੜੀਏ ਵਿਚ ਕਢ ਲਿਆ ਕਰੋ। ਆਪ ਦੇ ਵਰ ਦੇ ਅਧਾਰ ਤੇ ਇਸ ਸਮੇਂ ਸੰਤ ਭਾਈ ਬੀਰ ਸਿੰਘ ਦੀ ਸੰਪਰਦਾਏ ਦੇ ਅਨੇਕਾਂ ਲੰਗਰ ਮਾਝੇ ਔਰ ਮਾਲਵੇ ਦੀ ਧਰਤੀ ਤੇ ਚਲ ਰਹੇ ਹਨ। ਕਿਸੇ ਕਿਸਮ ਦੀ ਤੋਟ ਨਹੀਂ ਆਉਂਦੀ।



ੴ

ਬਾਬਾ ਮਧੁਸੂਧਨ ਸਿੰਘ ਜੀ ਬੇਦੀ
ਗੱਦੀ ਨਸ਼ੀਨ, ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਦੀ
ਸਰ-ਪ੍ਰਸਤੀ ਹੇਠ ਛਪਣ ਵਾਲਾ

ਮਾਸਕ ਪੱਤਰ **ਅਜੂਨੀ** ਮਨਸੂਰਾਂ (ਲੁਧਿਆਣਾ)

ਸੰਪਾਦਕ : ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਸਾਲ 12] ਅਪਰੈਲ–ਮਈ-ਜੂਨ 1981 [ਅੰਕ 4, 5, 6,

# ਮਾਝ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ ॥

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥

# ਲੇਖ ਸੂਚੀ


| | | | |
|---|---|---|---|
| 1. | ਗੁਰਵਾਕ | ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ | 1 |
| 2. | ਸੰਪਾਦਕੀ | ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ | 3 |
| 3. | ਗੁਰ ਦੀਖਿਆ | ਮੁਖ ਲੇਖ | 6 |
| 4. | ਰਾਜਾ ਜੋਗੀ | ਗਿ: ਈਸ਼ਰ ਸਿੰਘ ਜੀ ਨਾਰਾ | 8 |
| 5. | ਗੁਰੂ ਸਾਹਿਬ ਜੀ ਦੀ ਬਾਣੀ ਵਿਚੋਂ<br>The Pb. & Present Vol. III 1969 | | 12 |
| 6. | ਸ੍ਰੀ ਬੀਰ ਮ੍ਰਿਗੇਸ਼ ਦੇਵਤਰੂ ਗੁਰਬਿਲਾਸ | (ਪੁਰਾਤਨ ਸਾਖੀ) | 15 |
| 7. | GURU NANAK'S<br>The Pb. Past & Present Vol. III 1969 | Mohan Singh Kalra | 18 |
| 8. | ਸੰਤਾਨਕ ਸਮਾਚਾਰ ਗੁਰਗੱਦੀ (ਧਰਮ ਪ੍ਰਚਾਰ) | | 23 |
| 9. | ਬਾਬਾ ਜੀ ਦਾ ਗੁਰੂ ਘਰ ਵਿਚ ਨਵਾਂ ਜਨਮ | | 28 |
| 10. | ਗੁਰੂ ਨਾਨਕ ਪਾਤਸ਼ਾਹ ਜੀ ਦਾ ਹੋਣਹਾਰ ਸਪੁਤ੍ਰ | ਮਹਿੰਦਰ ਸਿੰਘ | 30 |


# ਗੁਰੂ ਨਾਨਕ ਅਵਤਾਰ

ਭਿਆ ਅਨੰਦ ਜਗਤ ਵਿਚ, ਕਲ ਤਾਰਨ ਗੁਰ ਨਾਨਕ ਆਇਆ—
ਡੁਬਦੀ ਹਿੰਦ ਬਚਾਵਨ ਖਾਤਰ ਆਏ ਵਿਚ ਸੰਸਾਰ ਗੁਰੂ ।
ਵਾਹਿਗੁਰੂ ਵਾਹਿਗੁਰੂ ਨਾਮ ਜਪਾ ਕੇ ਦਿੱਤੀ ਖਲਕਤ ਤਾਰ ਗੁਰੂ ।

ਪਾਪ ਜ਼ੁਲਮ ਦੀ ਹੱਦ ਜਾਂ ਹੋਈ ਗੁਰੂ ਨਾਨਕ ਅਵਤਾਰ ਲੀਆ,
ਭੁੱਲੇ ਭਟਕੇ ਰਸਤੇ ਪਾਕੇ, ਦੁਸ਼ਟਾਂ ਦਾ ਉਧਾਰ ਕੀਆ ।
ਐਸੇ ਗੁਰ ਤੋਂ ਲੱਖ ਲੱਖ ਵਾਰੀ, ਜਾਵਾਂ ਮੈਂ ਬਲਿਹਾਰ ਗੁਰੂ-ਡੁਬਦੀ—

ਕਲਜੁਗ ਦੇ ਉਧਾਰਨ ਖਾਤਰ, ਗੁਰੂ ਨਾਨਕ ਜੀ ਆਏ ਸੀ,
ਵਾਹਿਗੁਰੂ ਵਾਹਿਗੁਰੂ ਗੁਰ ਮੰਤ੍ਰ, ਦਾ ਸੋਹਣਾ ਜਾਪ ਜਪਾਏ ।
ਡੁਬਦੀ ਜਾਂਦੀ ਖਲਕਤ ਤਾਂਈਂ, ਦਿੱਤਾ ਕਲਜੁਗ ਤਾਰ ਗੁਰੂ ਡੁਬਦੀ...

ਸੀਤਲ ਕਰਕੇ ਤਪਤ ਕੜਾਹੇ ਕੌਡੇ ਦਾ ਉਧਾਰ ਕੀਆ,
ਪੈਰੀਂ ਪੈ ਗਿਆ ਵਲੀ ਕੰਧਾਰੀ ਤੋੜ ਉਸ ਦਾ ਹੰਕਾਰ ਦੀਆ ।
ਲੱਖਾਂ ਪਾਪੀ ਬਾਹੋਂ ਫੜਕੇ, ਕੀਤੇ ਨਾਨਕ ਪਾਰ ਗੁਰੂ ਡੁਬਦੀ...

ਮਾਲਪੂੜੇ 'ਚੋਂ ਲਹੂ ਦਿਖਾਇਆ, ਰੋਟੀ ਦੁੱਧ ਨਿਚੋੜ ਦੀਆ,
ਲਾਲੋ ਨੂੰ ਫਿਰ ਲਾਲ ਬਣਾ ਕੇ, ਮਨ ਭਾਗੋ ਦਾ ਤੋੜ ਦੀਆ ।
ਦਸਾਂ ਨੌਹਾਂ ਦੀ ਕ੍ਰਿਤ ਕਰਨ ਦਾ ਕੀਤਾ ਸੀ ਪ੍ਰਚਾਰ ਗੁਰੂ-ਡੁਬਦੀ...

ਏਮਨਾਬਾਦ ਦੀ ਸੁਣੋ ਵਾਰਤਾ ਬਾਬਰ ਜਾਬਰ ਹੋਇਆ ਸੀ,
ਕੈਦ ਕੀਤਾ ਸੀ ਗੁਰ ਨਾਨਕ ਨੂੰ, ਮਾਣ ਆਪਣਾ ਖੋਇਆ ਸੀ ।
ਕਲਾ ਦਿਖਾਈ ਫੇਰ ਚੱਕੀ ਨੂੰ, ਦਲੀਪ ਸ਼ਿੰਘਾ ਸੰਸਾਰ ਗੁਰੂ-ਡੁਬਦੀ...

# ਗੁਰ-ਬੰਸਾਵਲੀ

ਜਗਤ ਗੁਰੂ ਨਾਨਕ ਦੇਵ ਜੀ ਮਹਾਰਾਜ ਸਿੱਖ ਮੱਤ ਦੇ ਬਾਨੀ

ਬਾਬਾ ਸ੍ਰੀ ਚੰਦ ਜੀ ਉਦਾਸੀ ਸੰਪਰਦਾ ਦੇ ਬਾਨੀ — ਬਾਬਾ ਲਖਮੀ ਚੰਦ ਜੀ

ਬਾਬਾ ਧਰਮ ਚੰਦ ਜੀ

ਬਾਬਾ ਮਾਣਕ ਚੰਦ ਜੀ — ਬਾਬਾ ਮੇਹਰ ਚੰਦਰ ਜੀ

ਬਾਬਾ ਦਾਤਾਰ ਚੰਦ ਜੀ, ਬਾਬਾ ਜਗਤ ਚੰਦ ਜੀ ਬਾਬਾ ਹੰਸ ਰਾਜ ਜੀ ਬਾਬਾ ਅਨਾਇਤ ਚੰਦ ਜੀ

ਬਾਬਾ ਗੁਰਦਿੱਤ ਚੰਦ ਜੀ, ਬਾਬਾ ਪਹਾੜ ਚੰਦ ਜੀ, ਬਾਬਾ ਤਾਰਾ ਚੰਦ ਜੀ, ਬਾਬਾ ਫਤਹਿ ਚੰਦ ਜੀ ਬਾਬਾ ਉਦੇ ਚੰਦ ਜੀ

ਬਾਬਾ ਹਰਿਕਰਣ ਚੰਦ ਜੀ, ਬਾਬਾ ਮਨਸਾ ਚੰਦ ਜੀ, ਬਾਬਾ ਆਸਾ ਚੰਦ ਜੀ, ਬਾਬਾ ਸੂਰਜ ਚੰਦ ਜੀ

ਬਾਬਾ ਨਿਹਾਲ ਚੰਦ ਜੀ ਬਾਬਾ ਹਰਜਸ ਜੀ, ਬਾਬਾ ਦੀਪ ਚੰਦ ਜੀ ਬਾਬਾ ਸੁਖਦੇਵ ਜੀ

ਬਾਬਾ ਕਲਾਧਾਰੀ ਜੀ ਬਾਬਾ ਲੱਜਾਧਾਰੀ ਜੀ

ਬਾਬਾ ਕੁਇਰ ਸਿੰਘ ਜੀ ਬਾਬਾ ਧਰਮ ਸਿਘ ਜੀ ਬਾਬਾ ਅਜੀਤ ਸਿੰਘ ਜੀ ਬਾਬਾ ਸਾਗਰ ਚੰਦ ਜੀ ਬਾਬਾ ਅਵਤਾਰ ਚੰਦ ਜੀ

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ 'ਬੇਦੀ'

ਸ੍ਰੀ ਬਾਬਾ ਬਿਸ਼ਨ ਸਿੰਘ ਜੀ ਸ੍ਰੀ ਬਾਬਾ ਤੇਗ ਸਿੰਘ ਜੀ ਸ੍ਰੀ ਹਜ਼ੂਰ ਬਾਬਾ ਬਿਕਰਮਾ ਸਿੰਘ ਜੀ

ਸ੍ਰੀ ਬਾਬਾ ਅਤਰ ਸਿੰਘ ਜੀ — ਸ੍ਰੀ ਹਜ਼ੂਰ ਬਾਬਾ ਸੁਜਾਨ ਸਿੰਘ ਜੀ

ਸ੍ਰੀ ਬਾਬਾ ਖੇਮ ਸਿੰਘ ਜੀ — ਸ੍ਰੀ ਹਜ਼ੂਰ ਬਾਬਾ ਰਾਮਕਿਸ਼ਨ ਸਿੰਘ ਜੀ

1904-1962 ਸ੍ਰੀ ਹਜ਼ੂਰ ਬਾਬਾ ਦੇਵਿੰਦਰ ਸਿੰਘ ਜੀ

ਜਨਮ 1921 ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ
(ਵਰਤਮਾਨ ਗੱਦੀ-ਨਸ਼ੀਨ)

ਜਨਮ 1949 ਟਿੱਕਾ ਸਰਬਜੋਤ ਸਿੰਘ ਜੀ

ਜਨਮ 1976 ਟਿੱਕਾ ਅਮਰਜੋਤ ਸਿੰਘ ਜੀ

ਜਿਤੀ ਨਵ ਖੰਡ ਮੇਦਨੀ ੧ਓ ਸਤਿਨਾਮ ਦਾ ਚੱਕਰ ਚਲਾਇਆ

"ਆਇ ਮਿਲ ਗੁਰਸਿਖ ਆਇ ਮਿਲ ਤੂੰ ਮੇਰੇ ਗੁਰੂ ਕੇ ਪਿਆਰੇ"

# ਸ੍ਰੀ ਹਜ਼ੂਰ ਬਾਬਾ ਸਾਹਿਬ ਜੀ ਦਾ ਜੋਤੀ ਜੋਤ ਸਮਾਗਮ

# ਮਨਸੂਰਾਂ ਵਿਖੇ

ਹਰ ਸਾਲ ਵਾਂਗ ਆਪ ਜੀ ਦੇ ਦਮਦਮਾ ਅਸਥਾਨ ਮਨਸੂਰਾਂ ਵਿਖੇ 10 ਤੋਂ 14 ਜੂਨ 1981 ਨੂੰ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। 21 ਅਖੰਡ ਪਾਠਾਂ ਦਾ ਭੋਗ 14 ਜੂਨ ਐਤਵਾਰ ਨੂੰ ਪਵੇਗਾ। 12 ਜੂਨ ਨੂੰ ਦਸਵੀਂ ਦਾ ਮਾਹਵਾਰੀ ਦਾ ਦੀਵਾਨ ਹੋਵੇਗਾ।

ਝਖੜ ਝਾਗੀਂ ਮੀਂਹ ਵਰਸੈ ਭੀ ਗੁਰ ਦੇਖਣ ਜਾਈ।
ਸਮੁੰਦ ਸਾਗਰ ਹੋਵੈ ਬਹੁ ਖਾਰਾ ਗੁਰਸਿਖ ਲੰਘਿ ਗੁਰੂ ਪਹਿ ਜਾਈ।

ਆਪ ਜੀ ਦਾ ਅਲੌਕਿਕ ਜਲੂਸ 11 ਜੂਨ ਨੂੰ ਜੋਧਾਂ ਅਤੇ 13 ਜੂਨ ਨੂੰ ਮਨਸੂਰਾਂ ਵਿਖੇ ਦਿਨ ਦੇ 2 ਵਜੇ ਨਿਕਲੇਗਾ। ਗੁਰੂ ਕਾ ਲੰਗਰ ਅਤੁਟ ਵਰਤੇਗਾ। ਰਾਗੀ, ਢਾਡੀ, ਪ੍ਰਚਾਰਕ ਦੀਵਾਨਾਂ ਵਿਚ ਸੰਗਤਾਂ ਨੂੰ ਗੁਰ ਇਤਿਹਾਸ ਸੁਨਾਣਗੇ। ਆਪ ਸਮੇਤ ਪ੍ਰਵਾਰ/ਸੰਗਤ ਦੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ।

ਦਾਸ :—ਸੇਵਾਦਾਰ ਗੁਰ-ਗੱਦੀ

## ਜ਼ਰੂਰੀ ਬੇਨਤੀਆਂ

1. ਅਖੰਡ ਪਾਠ 10 ਜੂਨ ਨੂੰ ਅਰੰਭ ਹੋ ਜਾਣਗੇ। ਜਿਨ੍ਹਾਂ ਸੱਜਣਾਂ ਨੇ ਰਖਵਾਉਣੇ ਹੋਣ 4 ਜੂਨ ਤਕ ਪਤਾ ਘਲ ਦੇਣ ਤਾਂ ਕਿ ਪ੍ਰਬੰਧ ਹੋ ਸਕੇ।
2. ਜੋ ਮਾਇਆ ਘਲਣੀ ਜਾਂ ਦੇਣੀ ਜੋਗ ਸਮਝੀ ਜਾਵੇ, ਰਸੀਦ ਲੈ ਕੇ ਦਾਖਲ ਕੀਤੀ ਜਾਵੇ ਤਾਂ ਕਿ ਆਪ ਦੇ ਹੁਕਮ ਅਨੁਸਾਰ ਵਰਤੀ ਜਾ ਸਕੇ। ਜੇ ਮਨੀਆਰਡਰ ਘਲਣਾ ਹੋਵੇ ਤਾਂ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਦੇ ਨਾਮ ਹੇਠ ਲਿਖੇ ਪਤੇ ਤੇ ਘਲਿਆ ਜਾਵੇ। ਬਿਸਤਰੇ ਲੋੜ ਅਨੁਸਾਰ ਲਈ ਆਉਣੇ, ਲੰਗਰ ਗੁਰੂ ਕਾ ਅਤੁਟ ਵਰਤੇਗਾ।

ਸੇਵਾਦਾਰ ਦਮਦਮਾ ਅਸਥਾਨ ਬਾਬਾ ਮਧੁਸੂਦਨ ਸਿੰਘ ਜੀ ਬੇਦੀ
ਮਨਸੂਰਾਂ ਜ਼ਿਲਾ ਲੁਧਿਆਣਾ।

---

# ਜ਼ਰੂਰੀ ਸੂਚਨਾ

15 ਮਾਰਚ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਦੇ ਅਚਨਚੇਤ ਬੀਮਾਰ ਹੋ ਜਾਣ ਦੇ ਕਾਰਨ ਸ੍ਰੀਮਾਨ ਸਰਦਾਰ ਦਰਬਾਰਾ ਸਿੰਘ ਬਾਬਾ ਸਾਹਿਬ ਸਿੰਘ ਮਿਮੋਰੀਅਲ ਹਸਪਤਾਲ ਦਾ ਉਦਘਾਟਨ ਨਹੀਂ ਕਰ ਸਕੇ। ਤੇ ਉਦਘਾਟਨ ਮੁਲਤਵੀ ਕਰ ਦਿਤਾ ਗਿਆ ਤੇ ਹੁਣ 13 ਮਈ ਨੂੰ ਸਰਦਾਰ ਦਰਬਾਰਾ ਸਿੰਘ ਜੀ ਨੇ ਆਪਣੇ ਮੰਤਰੀ ਮੰਡਲ ਸਮੇਤ ਪੁਜ ਕੇ ਦਰਬਾਰ ਬਾਬਾ ਸਾਹਿਬ ਸਿੰਘ ਜੀ ਦੀ ਹਾਜ਼ਰੀ ਭਰੀ। ਉਪ੍ਰੰਤ ਉਦਘਾ-ਟਨ ਦੀ ਰਸਮ ਅਦਾ ਕੀਤੀ। ਇਸ ਉਦਘਾਟਨ ਦਾ ਲੇਖ ਉਪ੍ਰੰਤ ਤਸਵੀਰਾਂ ਅਗਲੇ ਅਜੂਨੀ ਵਿਚ ਵਿਸਥਾਰ ਨਾਲ ਛਾਪਾਂਗੇ।

ਹੁਣ ਹਸਪਤਾਲ ਮੁਕੰਮਲ ਹੋ ਚੁੱਕਾ ਹੈ। ਹਸਪਤਾਲ ਦੇ ਕਰਮਚਾਰੀਆਂ ਲਈ ਕੋਠੀਆਂ ਰਹਾਇਸ਼ੀ ਮਕਾਨ (ਕਲੋਨੀ) ਤਿਆਰ ਹੋ ਰਹੀ ਹੈ। ਜੋ ਆਸ ਹੈ ਬੜੀ ਛੇਤੀ ਤਿਆਰ ਹੋ ਜਾਵੇਗੀ। ਦਾਨੀ ਸੱਜਣ ਇਸ ਕੰਮ ਨੂੰ ਮੁਕੰਮਲ ਕਰਨ ਲਈ ਖੁਲੀ ਮਾਇਆ ਘੱਲਣ ਦੀ ਕ੍ਰਿਪਾਲਤਾ ਕਰਨ।

# ਸੰਪਾਦਕੀ

( ਸ੍ਰੀ ਹਜ਼ੂਰ ਬਾਬਾ ਮਧੂਸੂਦਨ ਸਿੰਘ ਜੀ ਦੀ ਕਲਮ ਤੋਂ )

ਮਹਾਰਾਜ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਆਪਣੇ ਹੁਕਮਨਾਮਿਆਂ ਵਿਚ ਵਰਨਣ ਕੀਤਾ– ਜੋ ਅੰਮ੍ਰਿਤਧਾਰੀ ਗੁਰਸਿੱਖ ਮੀਣੀਏਂ; ਮਸੰਦੀਏ, ਧੀਰ ਮਲੀਏ ਔਰ ਰਾਮ ਰਾਈਆਂ ਨਾਲ ਮਿਲ ਵਰਤੋਂ ਰਖੇਗਾ ਉਹ ਬੱਜਰ ਕੁਰਹਿਤ ਹੋਵੇਗੀ। ਆਪ ਉਸ ਸਮੇਂ ਚਾਹੁੰਦੇ ਤਾਂ ਇਹ ਵੀ ਲਿਖ ਦਿੰਦੇ ਜੋ ਬੇਦੀਆਂ ਸੋਢੀਆਂ ਨਾਲ ਸਬੰਧ ਨਾ ਰਖੋ ਅਜਿਹਾ ਗੁਰਅੰਸਾਂ ਤੋਂ ਕਿਨਾਰਾ ਕਰੋ। ਮਹਾਰਾਜ ਤਾਂ ਬੇਦੀ ਸਾਹਿਬਜ਼ਾਦਿਆਂ ਨਾਲ ਅਤੀ ਪਿਆਰ ਰਖਦੇ ਸਨ। ਇਤਿਹਾਸ ਵਰਨਣ ਕਰਦਾ ਹੈ ਜੇ ਕੋਈ ਬੇਦੀ ਸਾਹਿਬਜ਼ਾਦਾ ਮਹਾਰਾਜ ਦੇ ਦਰਸ਼ਨਾਂ ਨੂੰ ਜਾਂਦਾ ਸੀ ਉਸਦਾ ਪੂਰਨ ਸਤਿਕਾਰ ਕਰਦੇ ਹੋਏ ਮਹਾਰਾਜ ਆਪਣੇ ਪਾਸ ਬਿਠਾ ਲੈਂਦੇ ਸਨ। ਵਿਦਾਇਗੀ ਸਮੇਂ ਘੋੜੇ ਦੁਸ਼ਾਲੇ ਤੇ ਮਾਇਆ ਬਖਸ਼ਿਸ਼ ਕਰਦੇ ਸਨ। ਤੇ ਸਤਿਕਾਰ ਪੂਰਬਕ ਵਿਦਾ ਕਰਦੇ ਸਨ।

ਇਹ ਸਤਿਕਾਰ ਦੀ ਰੋਹ ਰੀਤੀ ਯੁਗੋ ਯੁਗ ਚਲੀ ਆਉਂਦੀ ਸੀ। ਗੁਰ ਸਾਹਿਬਾਨ ਨੇ ਸਦਾ ਹੀ ਬਾਬਾ ਸ੍ਰੀ ਚੰਦ ਮਹਾਰਾਜ ਦਾ ਸਤਿਕਾਰ ਕੀਤਾ। ਉਪਰੰਤ ਹਰ ਸਾਲ ਬਾਬਾ ਸ੍ਰੀ ਚੰਦ ਮਹਾਰਾਜ ਨੂੰ 500 ਰੁਪਏ, ਘੋੜਾ, ਦੁਸ਼ਾਲਾ ਭੇਟ ਕਰਦੇ ਰਹੇ। ਭੇਟਾ ਨਾ ਪੁਜਣ ਤੇ ਆਪਣੇ ਸੇਵਾਦਾਰ ਕਮਲੀਆ ਜੀ ਨੂੰ ਭੇਜ ਕੇ ਆਪਣੀ ਭੇਟਾ ਮੰਗਵਾ ਲੈਂਦੇ ਸਨ।

ਮਹਾਰਾਜ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਆਪਣੇ ਪਿਆਰ ਤੇ ਸਤਿਕਾਰ ਨੂੰ ਮੁਖ ਰਖਦਿਆਂ ਹੋਇਆਂ ਬੇਦੀ ਸਾਹਿਬਜ਼ਾਦਿਆਂ ਕੋਲੋਂ ਬੇਥਾਹ ਸੇਵਾ ਲਈ ਹੈ। ਮਸੰਦ ਫੂਕ ਦਿਤੇ, ਪਹਾੜੀ ਰਾਜਿਆਂ ਨੇ ਰਵਾਲਸਰ ਮੁਕਾਮ ਤੇ ਇਕੱਠੇ ਹੋ ਕੇ ਧਰਮ ਦੇ ਯੁਧ ਵਿਚ ਹਿੱਸਾ ਪਾਉਣ ਤੋਂ ਇਨਕਾਰ ਕਰ ਦਿਤਾ। ਪ੍ਰੇਰਕ ਸ਼ਕਤੀ ਗੁਰਸਿੱਖਾਂ ਵਿਚ ਘਟ ਗਈ। ਤਦ ਵੀ ਮਹਾਰਾਜ ਨੇ ਗੁਰੂ ਨਾਨਕ ਪਾਤਸ਼ਾਹ ਦੀ ਅੰਸ਼ ਤੇ ਹੱਕ ਰੱਖਦਿਆਂ ਹੋਇਆ ਬਾਬਾ ਕਲਾਧਾਰੀ ਜੀ ਮਹਾਰਾਜ ਗੁਰੂ ਨਾਨਕ ਪਾਤਸ਼ਾਹ ਦੀ ਅੱਠਵੀਂ ਸੰਤਾਨ ਨੂੰ ਡੇਰਾ ਬਾਬਾ ਨਾਨਕ ਤੋਂ ਬੁਲਾਕੇ ਫੁਰਮਾਇਆ। ਜੋ ਆਪ ਗੁਰੂ ਦੀ ਅੰਸ ਹੋ। ਬਜ਼ੁਰਗ ਹੋ, ਤਪੱਸਵੀ ਹੋ। ਮੁਗਲਾਂ ਨਾਲ ਧਰਮ ਦੇ ਯੁਧ ਹੋਣੇ ਦੂਰ ਨਹੀਂ–ਪਰੰਤੂ ਹਿੰਦੂ ਗੁਰਸਿੱਖਾਂ ਨੂੰ ਪਹਾੜੀਆਂ, ਹਿੰਦੂ ਪਹਾੜੀਆਂ, ਨੂੰ ਊਨੇ ਸਾਹਿਬ ਦੇ ਉਜਾੜ ਟਿੱਬੇ ਤੇ ਬੈਠ ਕੇ ਧੂਣਾ, ਜਮਾਓ, ਤਪਸਿਆ ਕਰੋ ਔਰ ਗੁਰੂ ਗਰੰਥ ਸਾਹਿਬ ਦੀ ਬਾਣੀ ਸੁਣਾ ਕੇ ਸੰਗਤਾਂ ਨੂੰ ਤਤਪਰ ਕਰ ਦਿਉ। ਤਾਂ ਜੋ ਸੰਗਤਾਂ ਧਰਮ ਦੇ ਯੁਧ ਵਿਚ ਸ਼ਕਤੀ ਨਾਲ ਹਿੱਸਾ ਲੈ ਸਕਣ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਨੰਦਪੁਰ ਸਾਹਿਬ ਤੋਂ ਚੱਲ ਕੇ ਨੌਂ ਮੀਲ ਗੁਰ ਪਲਾਹ ਦੇ ਮੁਕਾਮ ਤੇ ਪੁਜਿਆ ਕਰਦੇ ਸਨ। ਔਰ ਬਾਬਾ ਕਲਾਧਾਰੀ ਜੀ ਮਹਾਰਾਜ ਊਨੇ ਸਾਹਿਬ ਤੋਂ ਚੱਲ ਕੇ ਨੌਂ ਮੀਲ ਦੇ ਫਾਸਲੇ ਤੇ ਗੁਰਪਲਾਹ ਜੋ ਸੂਆ ਨਦੀ ਦੇ ਕਿਨਾਰੇ ਤੇ ਹੈ, ਔਰ ਆਪ ਦਾ ਇਹ ਅਸਥਾਨ ਅਜ ਵੀ ਮੌਜੂਦ ਹੈ। ਪੁੱਜ ਕੇ ਮਹਾਰਾਜ ਨਾਲ ਗੁਰ ਵਿਚਾਰਾਂ ਕਰਨੀਆਂ ਔਰ ਗੁਰਮਤ ਅਨਕੂਲ ਸਲਾਹ ਮਸ਼ਵਰੇ ਕਰਨੇ ਇਸ ਢੰਗ ਦੇ ਨਾਲ ਧਰਮ ਦੇ ਯੁਧ ਕਾਮਯਾਬ ਹੋ ਸਕਦੇ ਹਨ। ਔਰ ਮੁਗਲਾਂ ਨੂੰ ਮਾਤਰ ਭੂਮੀ ਤੋਂ ਕਢਿਆ ਜਾ ਸਕਦਾ ਹੈ। ਅੰਤ ਧਰਮ ਦਾ ਰਾਜ ਅਸਥਾਪਨ ਹੋ ਸਕਦਾ ਹੈ। ਦਸਮ ਪਾਤਸ਼ਾਹ ਦਾ ਸਬੰਧ ਇਸ ਗੁਰੂ ਨਾਨਕ ਪਾਤਸ਼ਾਹ ਦੇ ਬੇਦੀ ਘਰਾਣੇ ਨਾਲ ਬੜਾ ਗੂੜਾ ਸੀ। ਔਰ ਪਾਤਸ਼ਾਹ ਨੇ ਅਤੀ ਪਿਆਰ ਸਤਿਕਾਰ ਦਾ ਸਬੂਤ ਦਿਤਾ। ਜਦ ਬਾਬਾ ਕਲਾਧਾਰੀ ਜੀ ਮਹਾਰਾਜ ਨੇ ਬੇਨਤੀ ਕੀਤੀ ਕਿ ਬੇਦੀਆਂ ਪਾਸੋਂ ਸੋਢੀਆਂ ਨੂੰ ਸ਼ਕਤੀ ਪ੍ਰਾਪਤ ਹੋਈ ਹੈ। ਹੁਣ ਆਪ ਕਿਰਪਾ ਕਰ ਕੇ ਇਹ ਸ਼ੁਭ ਆਤਮਾ ਬੇਦੀ ਘਰਾਣੇ ਵਿਚ ਲਿਆਓ ਤਦ ਮਹਾਰਾਜ ਗੁਰੂ ਗੋਬਿੰਦ ਪਾਤਸ਼ਾਹ ਨੇ ਬਾਬਾ ਕਲਾਧਾਰੀ ਜੀ ਮਹਾਰਾਜ ਨੂੰ ਆਖਿਆ ਜੋ ਬਾਬਾ ਜੀ ਅਜੇ ਬਹੁਤ ਸਾਰੇ ਸਿਖ ਧਰਮ ਦੇ ਕਾਰਜ

ਕਰਨੇ ਬਾਕੀ ਹਨ । ਪੰਜ ਪਿਆਰੇ ਥਾਪੇ ਜਾਣੇ ਹਨ। ਗੁਰਸਿਖਾਂ ਨੂੰ ਅੰਮ੍ਰਿਤ ਛਕਾ ਕੇ ਧਰਮ ਦੇ ਯੁਧ ਦੀ ਤਿਆਰੀ ਦੇਣੀ ਹੈ । ਮੈਂ ਪੁਤਰ ਨਹੀਂ—ਪ੍ਰੰਤੂ ਪੋਤਰੇ ਦੇ ਰੂਪ ਵਿਚ ਆਵਾਂਗਾ ਨਾਲ ਪਾਤਸ਼ਾਹ ਨੇ ਨਿਸ਼ਾਨੀਆਂ ਦਸੀਆਂ । ਜੋ ਜਨਣ ਸਮੇਂ ਪ੍ਰਗਟ ਹੋਈਆਂ ਜੋ ਬਾਬਾ ਕਲਾਧਾਰੀ ਜੀ ਮਹਾਰਾਜ ਦੇ ਘਰ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਨੇ ਜਨਮ ਲਿਆ । ਗੁਰੂ ਗੋਬਿੰਦ ਸਿੰਘ ਸਚੇ ਪਾਤਸ਼ਾਹ ਦੀ ਹੋਰ ਵੀ ਪ੍ਰਸੰਨਤਾ ਵਧ ਗਈ ਜਦੋਂ ਬਾਬਾ ਕਲਾਧਾਰੀ ਜੀ ਮਹਾਰਾਜ ਆਪਣੇ ਸਪੁਤਰ ਅਜੀਤ ਰਾਏ ਨੂੰ ਅਨੰਦਪੁਰ ਸਾਹਿਬ ਪੁੱਜ ਕੇ ਮਹਾਰਾਜ ਪਾਸੋਂ ਅੰਮ੍ਰਿਤ ਪਾਨ ਕਰਵਾਇਆ ਔਰ ਆਪ ਦਾ ਨਾਂ ਅਜੀਤ ਸਿੰਘ ਰਖਿਆ । ਜਿੰਨਾਂ ਦੇ ਗ੍ਰਿਹਿ ਵਿਖੇ ਬਾਬਾ ਸਾਹਿਬ ਸਿੰਘ ਪਾਤਸ਼ਾਹ ਨੇ ਜਨਮ ਲਿਆ । ਜੇਕਰ ਮਹਾਰਾਜ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਨੇ ਗੁਰਸਿੱਖੀ ਦਾ ਬੀਜ ਬੀਜਿਆ ਹੈ । ਤਦ ਬਾਬਾ ਸਾਹਿਬ ਸਿੰਘ ਪਾਤਸ਼ਾਹ ਜੋ ਗੁਰੂ ਨਾਨਕ ਪਾਤਸ਼ਾਹ ਦੀ ਸੰਤਾਨ ਹਨ ਔਰ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੀ ਬਖਸ਼ਿਸ਼ਾਂ ਵਾਲੇ ਹਨ । ਚੌਦਾਂ ਮਿਸਲਾਂ ਦੀ ਪਾਟੀ ਹੋਈ ਧਰਤੀ ਨੂੰ ਗੁਰਸਿਖੀ ਦੇ ਬਗੀਚੇ ਨੂੰ ਅੰਮ੍ਰਿਤ ਜਲ ਨਾਲ ਪ੍ਰਫੁਲਤ ਕੀਤਾ । ਔਰ ਹਰੀ ਭਰੀ ਫੁਲਵਾੜੀ ਵਿਚ ਇਕ ਸੋਹਣਾ ਫੁਲ ਆਪਣੇ ਸੇਵਕ ਰਣਜੀਤ ਸਿੰਘ ਰਾਜ ਨੂੰ ਰਾਜ ਤਿਲਕ ਦੇਕੇ ਮਾਤਰ ਭੂਮੀ ਨੂੰ ਮੁਗਲਾਂ ਕੋਲੋਂ ਛੁਟਕਾਰਾ ਦੁਆ ਕੇ ਵਿਸਾਖੀ ਵਾਲੇ ਦਿਨ ਸਿਖ ਰਾਜ ਥਾਪਿਆ ।

ਗੁਰੂ ਨਾਨਕ ਪਾਤਸ਼ਾਹ ਦੇ ਬੇਦੀ ਘਰਾਣੇ ਦਾ ਇਹ ਸੂਖਸ਼ਮ ਇਤਿਹਾਸ ਹੈ । ਅਜ ਕਲ ਦੇ ਪਾਪੀ ਜੋ ਆਪਣੇ ਆਪ ਨੂੰ ਵਿਦਵਾਨ ਕਹਾਉਂਦੇ ਹਨ । ਸਟੇਜਾਂ ਤੇ ਖੜੇ ਹੋ ਕੇ ਆਪਣੇ ਕੁਟਲ ਇਰਾਦਿਆਂ ਨੂੰ ਮੁਖ ਰਖਦੇ ਹੋਏ ਆਖ ਦੇਂਦੇ ਹਨ ਗੁਰੂ ਨਾਨਕ ਪਾਤਸ਼ਾਹ ਦੇ ਦੋ ਸਪੁਤਰ ਬਾਬਾ ਸ੍ਰੀ ਚੰਦ ਜੀ ਬਾਬਾ ਲਛਮੀ ਦਾਸ ਜੀ ਨਾਲਾਇਕ ਸਨ । ਪਿਤਾ ਜੀ ਦੇ ਨਾ ਆਖੇ ਲਗਣ ਕਾਰਨ ਗੱਦੀ ਲਹਿਣਾ ਜੀ ਨੂੰ ਦਿਤੀ ਗਈ । ਮਹਾਰਾਜ ਦਾ ਅਜੇਹੇ ਪਾਪੀਆਂ ਦਾ ਗਲਤ ਪਰਚਾਰ ਸੁਨਣਾ ਮਹਾਨ ਦੋਸ਼ ਹੈ । ਪਾਪ ਹੈ । ਗੁਰੂ ਨਾਨਕ ਪਾਤਸ਼ਾਹ ਦੇ ਬੇਦੀ ਘਰਾਣੇ ਤੋਂ ਤੋੜ ਕੇ ਮਨ ਮਤੀਆਂ ਨਾਲ ਜੋੜਨਾ ਹੈ । ਇਸੇ ਲਈ ਅਜ ਗੁਰਸਿਖ ਆਪਾ ਧਾਪੀ ਵਿਚ ਪਏ ਹੋਏ ਆਪੋ ਵਿਚ ਲੜਦੇ ਹਨ ਤੇ ਦਰ ਬਦਰ ਧੱਕੇ ਪਏ ਖਾਂਦੇ ਹਨ। ਕੋਈ ਵੀ ਪ੍ਰੋਗਰਾਮ ਸਿਰੇ ਨਹੀਂ ਚੜ੍ਹਦਾ ।

ਗੁਰੂ ਨਾਨਕ ਪਾਤਸ਼ਾਹ ਦੀ ਸੰਤਾਨ ਵਿਚ ਕੋਈ ਨਾਲਾਇਕ ਨਹੀਂ ਸੀ । ਨਾਲਾਇਕਾਂ ਦੀਆਂ ਸੰਪਰਦਾਇ ਨਹੀਂ ਚਲਦੀਆਂ । ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਦੋ ਸਾਹਿਬਜ਼ਾਦੇ ਇਨਸਾਨੀਅਤ ਦੇ ਨਮੂਨੇ ਦਿਤੇ ਹਨ । ਜੇ ਸਾਧੂ ਬਣਨਾ ਹੈ ਤਾਂ ਬਾਬਾ ਸ੍ਰੀ ਚੰਦ ਜੀ ਵਰਗੇ ਤਿਆਗੀ ਮਹਾਨ ਤਪੱਸਵੀ ਹੋਣਾ, ਜੇਕਰ ਗ੍ਰਿਹਸਤੀ ਬਣਨਾ ਹੈ ਤਾਂ ਆਪ ਦੀ ਦੂਸਰੀ ਗ੍ਰਿਹਸਤੀ ਸੰਤਾਨ ਜੋ ਸਮੇਂ ਪੂਰਬਕ ਚਲੀ ਆਉਂਦੀ ਹੈ । ਉਨਾਂ ਵਰਗੇ ਬਨਣ ਦਾ ਜਤਨ ਕਰੋ । ਅੰਮ੍ਰਿਤ ਵੇਲੇ ਜਾਗ (ਹਰੀ ਨਾਮ ਜਪਿਆ ਕਰੋ) ਚੜ੍ਹੇ ਦਿਵਸ ਗੁਰਬਾਣੀ ਗਾਇਆ ਕਰੋ । ਗ੍ਰਿਹਸਤ ਦੇ ਕੰਮ ਧੰਦੇ ਕਰਦਿਆਂ ਤੁਰਦਿਆਂ ਫਿਰਦਿਆਂ (ਹਰੀ ਨਾਮ) ਜਪਿਆ ਕਰੋ । ਜੇ ਅਜੇਹੇ ਗ੍ਰਿਹਸਤੀ ਬਣ ਜਾਓਗੇ ਤੇ ਗੁਰੂ ਨਾਨਕ ਪਾਤਸ਼ਾਹ ਦੀਆਂ ਮੇਹਰਾਂ ਤੇ ਬਖਸ਼ਿਸ਼ਾਂ ਦੇ ਪਾਤਰ ਬਣੋਗੇ ।

'ਜਨ ਨਾਨਕ ਧੂੜਿ ਮੰਗੈ ਤਿਸ ਗੁਰਸਿਖ ਕੀ ਜੋ ਆਪ ਜਪੈ ਅਵਰਾ ਨਾਮ ਜਪਾਵੈ ।'

ਨਾਲਾਇਕਾਂ ਦਾ ਕੋਈ ਸਤਿਕਾਰ ਨਹੀਂ ਕਰਦਾ । ਕੀ ਲੋੜ ਸੀ ਗੁਰੂ ਨਾਨਕ ਪਾਤਸ਼ਾਹ ਦੇ ਆਤਮਕ ਗੁਰੂਆਂ ਨੂੰ ਦਸਾਂ ਜੋਤਾਂ ਜੋ ਬਾਬਾ ਸ੍ਰੀ ਚੰਦ ਜੀ ਮਹਾਰਾਜ ਤੇ ਬੇਦੀ ਸਾਹਿਬਜ਼ਾਦਿਆਂ ਦਾ ਸਤਿਕਾਰ ਤੇ ਪਿਆਰ ਕਰਦੇ । ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਸੁਖਮਨੀ ਸਾਹਿਬ ਉਚਾਰਨ ਕਰਦਿਆਂ

ਸੋਲਵੀਂ ਅਸਟਪਦੀ ਤੇ ਬਿਰਤੀ ਰਕ ਗਈ । ਇਤਿਹਾਸ ਮੁਤਾਬਕ ਆਪ ਬਾਬਾ ਸ੍ਰੀ ਚੰਦ ਜੀ ਮਹਾਰਾਜ ਕੋਲ ਪੁਜ ਕੇ ਆਪ ਦੀ ਸ਼ਕਤੀ ਪ੍ਰਾਪਤ ਕੀਤੀ । ਸਲੋਕ ਬਾਬਾ ਸ੍ਰੀ ਚੰਦ ਚੰਦ ਜੀ ਮਹਾਰਾਜ ਨੇ ਉਚਾਰਨ ਕੀਤਾ ਔਰ ਬਾਕੀ ਮੁਖਮਨੀ ਸਾਹਿਬ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਨੇ ਮੁਕੰਮਲ ਕੀਤਾ । ਦੁਨੀਆਂ ਵਿਚ ਬਜ਼ਰਗਾਂ ਦਾ ਸਤਿਕਾਰ ਕਰਦਿਆਂ ਹੋਇਆਂ ਮਾਇਆ-ਬਸਤਰ-ਭੇਟਾ ਆਦਿ ਤਾਂ ਕਰ ਦਿਤੀ ਜਾਂਦੀ ਹੈ। ਪ੍ਰੰਤੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਬਾਬਾ ਸ੍ਰੀ ਚੰਦ ਜ਼ੀ ਮਹਾਰਾਜ ਦੇ ਦਰਸ਼ਨ ਕਰਦੇ ਹੋਏ ਆਪਣੇ ਸਪੁੱਤਰ ਭਾਈ ਗੁਰਦਿਤਾ ਜੀ ਨੂੰ ਭੇਟਾ ਕਰ ਦਿਤਾ । ਜੋ ਬਾਬਾ ਸ੍ਰੀ ਚੰਦ ਜੀ ਮਹਾਰਾਜ ਦੇ ਸੇਵਕ ਬਣੇ । ਔਰ ਬੜੀ ਆਯੂ ਤਕ ਬਾਬਾ ਸ੍ਰੀ ਚੰਦ ਜੀ ਮਹਾਰਾਜ ਦੀ ਪੂਜਾ ਕਰਦੇ ਰਹੇ ।

ਸੰਤਾਨ ਨਾਲਾਇਕ ਨਹੀਂ ਸੀ ਅਸੀਂ ਆਖਣ ਵਾਲੇ ਨਾਲਾਇਕ ਹਾਂ । ਜਿਹੜੇ ਸਮਝ ਨਹੀਂ ਸਕਦੇ ਜੋ ਗੁਰੂ ਨਾਨਕ ਪਾਤਸ਼ਾਹ ਚੋਰਾਂ ਵਲ ਨਿਗਾਹ ਕਰਨ ਤਾਰ ਦੇਣ ਠੱਗਾਂ ਵਲ ਨਿਗਾਹ ਕਰਨ ਤਾਰ ਦੇਣ-ਕੌੜੇ ਰੇਠਿਆਂ ਵਲ ਨਿਗਾਹ ਕਰਨ ਤਾਂ ਮਿੱਠੇ ਕਰ ਦੇਂਦੇ-ਪੱਥਰਾਂ ਨੂੰ ਹਥ ਲਾ ਦੇਣ ਤਾਂ ਮੋਮ ਕਰ ਦੇਣਾ। ਆਪ ਕਦ ਚਾਹੁੰਦੇ ਸਾਂ ਕਿ ਮੇਰੇ ਪੁਤਰ ਨਾਲਾਇਕ ਰਹਿਣ । ਆਪ ਦੇ ਪੁਤਰਾਂ ਦੇ ਕਰਮ ਅਜੇ ਤਕ ਉਘੇ ਹਨ । ਬਾਬਾ ਸਾਹਿਬ ਸਿੰਘ ਪਾਤਸ਼ਾਹ ਨੇ ਪੰਜਾਬ ਦੀ ਧਰਤੀ ਵਿਚ ਸਿਖ ਰਾਜ ਕਾਇਮ ਕਰਨ ਤੋਂ ਪਹਿਲਾਂ ਤੇ ਬਾਦ ਜਗ੍ਹਾ ਜਗ੍ਹਾ ਆਪਣੀ ਸੰਪਰਦਾਇ ਵਿਚੋਂ 'ਦੋ ਹਜਾਰ ਬੇਦੀ ਸਾਹਿਬਜ਼ਾਦਾ ਜਗ੍ਹਾ ਜਗ੍ਹਾ ਬਿਠਾਇਆ ਹੋਇਆ ਸੀ । ਤਾਂ ਜੋ ਗੁਰੂ ਨਾਨਕ ਪਾਤਸ਼ਾਰ ਦਾ ਉਪਦੇਸ਼ ਕਰ ਕੇ ਗੁਰੂ ਨਾਨਕ ਪਾਤਸ਼ਾਹ ਆਪਣੀ ਬਾਣੀ ਵਲ ਮੋੜਨ । ਪਾਤਾਹਸ਼ਾਂ ਦੇ ਬਚਨ ਵੀ ਹਨ 'ਗੁਰੂ ਸਿਖ-ਸਿਖ ਗੁਰੂ ਹੈ।' ਸ਼ਰਤ ਕੀ ਹੈ ਏਕੋ ਗੁਰ ਉਪਦੇਸ਼ ਚਲਾਵੇ ਇਕੋ ਸ਼ਬਦ ਗੁਰ ਸਿਖ ਨੂੰ ਪਾਬੰਦ ਕਰਦਾ ਹੈ । ਏਕੋ ਤੋਂ ਮਰਾਦ ਗੁਰੂ ਨਾਨਕ ਅਤੇ ਗੁਰੂ ਨਾਨਕ ਦੀ ਬਾਣੀ ਹੈ । ਗੁਰੂ ਨਾਨਕ ਪਾਤਸ਼ਾਹ ਨਾਲ ਜੋੜਨ ਵਾਲੀਆਂ ਵਿਅਕਤੀਆਂ ਦਾ ਸਤਿਕਾਰ ਯੁਗੋ ਯੁਗ ਚਲਿਆ ਆਉਂਦਾ ਹੈ । ਅਜ ਜਮਾਨਾਂ ਮਨਮਤ ਦਾ ਹੈ । ਗੁਰੂ ਨਾਨਕ ਅਤੇ ਆਪ ਦੇ ਖੂਨੀ ਰਿਸ਼ਤੇ ਵਾਲੇ ਬਾਰਕਾਂ ਤੋਂ ਸੰਗਤਾਂ ਨੂੰ ਤੋੜ ਕੇ ਆਪਣੇ ਨਾਲ ਜੋੜ ਰਹੇ ਹਨ ।

ਸਾਧ ਸੰਗਤ ਜੀਓ ਜੇਕਰ ਆਪਣੇ ਪੰਥ ਦੀਆਂ ਚੜਦੀਆਂ ਕਲਾ ਚਾਹੁੰਦੇ ਹੋ ਸਚ-ਗੁਰੂ ਨਾਨਕ ਅਤੇ ਆਪ ਦੀ ਬਾਣੀ ਨੂੰ ਅਪਣਾਉ । ਆਪ ਦੇ ਨਿਸ਼ਕਾਮ ਬਾਰਕਾਂ ਨੂੰ ਅਪਣਾਓ । ਆਪਣਾ ਇਮਾਨ ਇਕ ਤੇ ਲਿਆਓ ਜੋ ਆਪ ਦਾ ਸਤਿਕਾਰ ਯੁਗੋ ਯੁਗ ਚਲਿਆ ਆਉਂਦਾ ਹੈ ਇਸ ਨੂੰ ਅਪਣਾਓ ਇਹ ਗੁਰਮਤ ਹੈ । ਅਜ ਕਲ ਦੇ ਮਨ-ਮਤੀਆਂ ਤੋਂ ਕਿਨਾਰਾ ਕਰੋ ਜੋ ਕੇਵਲ ਦਿਖਲਾਵਾ ਗੁਰੂ ਨਾਨਕ ਦਾ ਹੈ । ਗੁਰੂ ਪਾਤਸ਼ਾਹ ਦੀ ਅੰਸ ਨੂੰ ਨਿੰਦਕ ਤੋੜ ਕੇ ਆਪਣੇ ਨਾਲ ਜੋੜ ਰਹੇ ਹਨ।

ਜਿਥੇ ਬਾਬਾ ਪੈਰ ਧਰੈ ਪੂਜਾ ਆਸਣ ਥਾਪਿਣ ਸੋਆ

ਜਿਥੇ ਪਾਤਸ਼ਾਹ ਦਾ ਚਰਨ ਪਿਆ ਅਜ ਪੂਜਾ ਹੋ ਰਹੀ ਹੈ ।

ਜਿਥੇ ਬਾਬੇ ਦਾ ਖੂਨ ਹੋਵੇ—ਕਰਮੀ ਬਾਰਕ ਹੋਵੇ ਉਸ ਦੇ ਪਿਆਰ ਅਤੇ ਸਤਿਕਾਰ ਤੋਂ ਵੀ ਪਿਛੇ ਹਟਣਾ ਵੀ ਦੋਸ਼ੀ ਬਨਣਾ ਹੈ। ਆਪਣਾ ਸਬੰਧ ਗੁਰੂ ਨਾਨਕ ਪਾਤਸ਼ਾਹ ਦੇ ਦਰ ਘਰ ਨਾਲ ਵਧਾਉਣਾ ਗੁਰਮਤ ਹੈ । ਇਸ ਸ਼ਬੰਧ ਦੇ ਕਾਰਨ ਆਪ ਦਾ ਇਮਾਨ ਇਕ ਤੇ ਟਿਕ ਆਵੇਗਾ । ਧੜਿਆਂ ਵਿਚੋਂ ਨਿਕਲ ਜਾਵੋਗੇ । ਇਸ ਗੁਰੂ ਨਾਨਕ ਪਾਤਸ਼ਾਹ ਨਾਲ ਸਬੰਧ ਰਖੋਗੇ ਜੋ ਕਾਰਨ ਤੁਹਾਡੀ ਚੜ੍ਹਦੀਆਂ ਕਲਾ ਦਾ ਬਣੇਗਾ ।

ਸਤਿਨਾਮ ਸ੍ਰੀ ਵਾਹਿਗੁਰੂ

# ਗੁਰ ਦੀਖਿਆ

ਬੋਲਹੁ ਭਾਈ ਜੀ ਵਾਹਿਗੁਰੂ ਸਾਖੀ ਪੰਜਵੀਂ ਚਲੀ ॥

ਇਕ ਦਿਨ ਸਮਾਂ ਪਾਇਕਰ ਸਾਹਿਬ ਜੀ ਦੇ ਹਜ਼ੂਰ ਹੱਥ ਜੋੜ ਕੇ ਪ੍ਰਸ਼ਨ ਕੀਤਾ ਗ਼੍ਰੀਬਨਿਵਾਜ਼ ਜੀ–ਅਕਸਰ ਕਥਾ ਬਾਰਤਾ ਸੁਣਨ ਵਿਚ ਏਹ ਸਿੱਧ ਹੋਂਦਾ ਹੈ ਕਿ ਸਕਾਮ ਭਗਤੀ ਮੋਖ ਦਾ ਕਾਰਨ ਨਹੀਂ। ਮੋਖ ਜੋ ਪ੍ਰਾਪਤ ਹੋਂਦੀ ਨਿਸਕਾਮ ਭਗਤੀ ਕਰਨੇ ਕਰਕੇ ਗਿਆਨ ਅਥਵਾ ਪਰਾ ਭਗਤੀ ਪ੍ਰਾਪਤਿ ਹੋਕਰ ਮੁਕਤੀ ਮਿਲਦੀ ਹੈ। ਸੋ ਗੁਰੂ ਕੇ ਸਿਖ ਭੀ ਤਾਂ ਅਕਸਰ ਬਹੁਤੇ ਸਕਾਮ ਭਗਤੀਵਾਲੇ ਦੇਖੇ ਜਾਂਦੇ ਹੈਨ ॥

ਤਿਸ ਪਰ ਸਾਹਿਬ ਜੀ ਨੇ ਉਤ੍ਰ ਦਿਤਾ–ਪ੍ਰਿਥਮੇ ਤਾਂ ਭਗਵਤ ਦੇ ਨਾਮ ਵਿਚ ਇਸ ਗਲ ਦੀ ਵਡਿਆਈ ਹੈ ਕਿ ਅਪਣੇ ਉਪਾਸ਼ਕਾਂ ਦੀਆਂ ਕਾਮਨਾ ਭ਼ੀ ਪੂਰੀਆਂ ਕਰਦਾ ਹੈ ਅਤੇ ਫਿਰ ਗਤੀ ਭੀ ਕਰਦਾ ਹੈ। ਹੋਰ ਜੋ ਜੰਤ੍ਰ ਮੰਤ੍ਰ ਟੋਣੇ ਟੋਟਕੇ ਹੇਨ ਸੋ ਭਾਂਵੇ ਕੋਈ ਪ੍ਰਤੀਤ ਹੋਵੇ ਕਿ ਫਲ ਉਨਾਂ ਕਰਕੇ ਪ੍ਰਾਪਤਿ ਹੋਇਆ ਪਰ ਅੰਤ ਨੂੰ ਉਹ ਅਪਗਤੀ ਦਾ ਕਾਰਨ ਹੋਂਦੇ ਹੈਨ ਪਰਲੋਕ ਨੂੰ ਬਿਗਾੜਦੇ ਹੈਨ। ਤੇ ਮਹਾਰਾਜ ਜੀ ਦਾ ਨਾਉਂ ਦੋਹਾਂ ਲੋਕਾਂ ਵਿਚ ਸਹਾਈ ਹੋਂਦਾ ਹੈ ॥

ਦੂਜਾ ਇਹ ਕਿ ਗੁਰੂ ਕੇ ਸਿੱਖਾਂ ਦੀ ਜੋ ਭਗਵਤ ਭਗਤੀ ਹੈ ਸੋ ਨਿਸਕਾਮ ਹੈ। ਸ਼ਬਦ ਦੇ ਅਭ੍ਯਿ-ਆਸੀਆਂ ਨੂੰ ਕਾਮਨਾ ਕਦੀ ਭੀ ਨਹੀਂ ਫੁਰਦੀ। ਅਰਥਾਤ ਅਭਿਆਸ ਦੇ ਬਦਲੇ ਸੰਸਾਰ ਦੇ ਕਿਸੀ ਪਦਾਰਥ ਦੀ ਇਛਾ ਨਹੀਂ ਕਰਦੇ। ਜੇਕਰ ਕੋਈ ਇਛਾ ਉਪਜੇ ਭੀ ਤਾਂ ਉਹ ਬੈਖਰੀ ਬਾਣੀ ਦੁਆਰਾ ਕਿਸੀ ਬਾਣੀ ਦਾ ਪਾਠ ਜਾਪ ਕਰਕੇ ਕਾਮਨਾ ਪੂਰੀ ਕਰ ਲੈਂਦੇ ਹੈਨ ਅਥਵਾ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਵਾਕਰ ਕਾਮਨਾ ਪੂਰਨ ਕਰ ਲੈਂਦੇ ਹੈਨ। ਅਸਲ ਸ਼ਬਦ ਦਾ ਅਭਿਆਸ ਨਿਸਕਾਮ ਹੀ ਰਹਿੰਦਾ ਹੈ। ਹੋਰ ਜਦ ਕਿਸੀ ਕਾਮਨਾਂ ਵਾਲੇ ਪਾਠ ਦਾ ਆਰੰਭ ਹੋਂਦਾ ਹੈ ਅਥਵਾ ਭੋਗ ਪੈਂਦਾ ਹੈ ਤਾਂ ਉਸ ਸਮੇਂ ਅਥਵਾ ਹੋਰ ਕਿਸੀ ਸਮੇ ਜੋ ਕਾਮਨਾ ਦੀ ਅਰਦਾਸ ਹੋਂਦੀ ਹੈ ਸੋ ਗੁਰੂ ਜੀ ਅਗੇ ਹੈ ਅਕਾਲ ਪੁਰਖ ਅਗੇ ਨਹੀਂ। ਗੁਰੂ ਜੀ ਮਹਾਰਾਜ ਅਪਣੇ ਦਾਸਾਂ ਦੀ ਕਾਮਨਾਂ ਪੂਰੀਆਂ ਕਰਨ ਨੂੰ ਸਾਮਰਥ ਹੈਨ ਜੀਕੁਰ ਬਚਨ ਹੈ ॥

ਸਿਰ ਊਪਰ ਠਾਢਾ ਗੁਰ ਸੂਰਾ ॥ ਨਾਨਕ ਤਾਂਕੇ ਕਾਰਜ ਪੂਰਾ ॥

ਸੋ ਸਰਬ ਕਾਮਨਾਂ ਪੂਰੀਆਂ ਕਰਨੀਆਂ ਗੁਰੂ ਜੀ ਦਾ ਕੰਮ ਹੈ। ਚਾਹੇ ਆਪ ਕਰਨ ਚਾਹੇ ਭਗਵਤ ਅਕਾਲ ਪੁਰਖ ਜੀ ਪਾਸੋਂ ਕਰਾਉਣ। ਇਸੀ ਕਰਕੇ ਜੋ ਅਰਦਾਸ ਹੋਂਦੀ ਹੈ ਸ੍ਰੀ ਗੁਰੂ ਜੀ ਅਗੇ ਹੋਂਦੀ ਹੈ ਜਿਸ ਕਰਕੇ ਕਈ ਲੋਕ ਸਿੱਖਾਂ ਪਰ ਵਿਕਲਪ ਕਰਦੇ ਹੈਨ ਕਿ ਸਿੱਖ ਲੋਕ ਪ੍ਰਮੇਸ਼ਰ ਅਗੇ ਅਰਦਾਸ ਨਹੀਂ ਕਰਦੇ ਗੁਰੂ ਜੀ ਦੇ ਨਾਂ ਲੈਕੇ ਕਰਦੇ ਹੈਨ। ਸੋ ਏਹੋ ਕਾਰਣ ਹੈ ਕਿ ਅਰਦਾਸ ਵਿਚ ਕੋਈ ਨਾ ਕੋਈ ਕਾਮਨਾ ਹੋਂਦੀ ਹੈ। ਸੋ ਇਸ ਕਰਕੇ ਗੁਰੂ ਕੇ ਸਿੱਖਾਂ ਦੀ ਜੋ ਭਗਵਤ ਭਗਤੀ ਹੈ ਨਿਸਕਾਮ ਹੈ ॥

ਪ੍ਰਸ਼ਨ–ਮੋਖ ਆਦਿਕਾਂ ਦੀ ਕਾਮਨਾ ਤਾਂ ਸਿੱਖ ਭਗਵਤ ਭਗਤੀ ਦੇ ਬਦਲੇ ਮੰਗਦੇ ਹੀ ਹੋਣਗੇ ॥

ਉਤ੍ਰ–ਸਿੱਖਾਂ ਦੀਆਂ ਸਾਰੀਆਂ ਕਾਮਨਾ ਗੁਰੂ ਜੀ ਦੇ ਅਗੇ ਹੈਨ। ਅਤੇ ਸਿੱਖ ਕਈ ਪ੍ਰਕਾਰ ਦੇ ਹੋਂਦੇ ਹੈਨ। ਕੋਈ ਤਾਂ ਮੋਖ ਦੀ ਇੱਛਾ ਕਰਦੇ ਹੈਨ ਕੋਈ ਪ੍ਰੇਮੀ ਮਹਾਰਾਜ ਜੀ ਦੇ ਦਰਸ਼ਨ ਵਿਚ ਹੀ ਤ੍ਰਿਪਤ ਰਹਿੰਦੇ ਹੈਨ। ਓਹ ਮੁਕਤੀ ਦੀ ਪ੍ਰਵਾਹ ਹੀ ਨਹੀਂ ਕਰਦੇ। ਜੀਕੁਰ ਏਹ ਬਚਨ ਹੈਨ ॥

ਕਈ ਬੈਕੁੰਠ ਲਿਵੈ ਲਾਗੈ ॥ ਮੁਕਤਿ ਬਪੁਰੀ ਭੀ ਗਿਆਨੀ ਤਿਆਗੇ ॥

ਹੋਰ-ਰਾਜ ਨ ਚਾਹੋਂ ਮੁਕਤਿ ਨਾ ਚਾਹੋਂ ਮੋਹਿ ਪ੍ਰੀਤਿ ਚਰਨ ਕਮਲਾਰੈ ॥
ਹੋਰ-ਦਰ ਦਰਸ਼ਨ ਕਾ ਪ੍ਰੀਤਮ ਹੋਵੇ ਮੁਕਤਿ ਬੈਕੁੰਠੈ ਕਰੇ ਕਿਆ ॥

ਅਤੇ ਕਈ ਸਿੱਖ ਆਪਣੇ ਆਪ ਨੂੰ ਭਗਤਵ ਦੇ ਹਵਾਲੇ ਕਰ ਦੇ ਦੇ ਹੈਨ। ਕੋਈ ਕਿਸੀ ਪ੍ਰਕਾਰ ਦੀ ਕਾਮਨਾ ਇੱਛਾ ਨਹੀਂ ਕਰਦੇ। ਉਨਾਂ ਨੇ ਇਹ ਗਲ ਰਖੀ ਹੋਈ ਹੈ ਕਿ ਜੋ ਭਗਵਤ ਦੀ ਮਰਜ਼ੀ ਹੈ ਕਰੇ ਉਸਦੇ ਭਾਣੇ ਵਿਚ ਹੀ ਰਾਜ਼ੀ ਰਹਿੰਦੇ ਹੈਨ। ਸਤਿਗੁਰਾਂ ਦੀ ਬਖ਼ਸ਼ੀ ਹੋਈ ਜੁਗਤਿ ਨਾਲ ਸ਼ਬਦ ਦਾ ਅਭਿਆਸ ਕਰੀ ਜਾਂਦੇ ਹੈਨ। ਨਾ ਨਰਕ ਦਾ ਭੈ ਅਤੇ ਨਾ ਸੁਰਗ ਦੀ ਚਾਹ ਰਖਦੇ ਹੈਨ ॥ ਯਥਾ ਭਾਈ ਗੁਰਦਾਸ ਜੀ ਦਾ ਬਚਨ।

ਬਾਛੈ ਨ ਸੁਰਗ ਬਾਸ ਮਨੈ ਨ ਨਰਕ ਤ੍ਰਾਸ ਆਸਾਨ ਕਰਤ ਚਿਤ ਹੋਨਹਾਰ ਹੋਇ ਹੈ ॥ ਸੰਪਤ ਨ ਹਰਖ ਬਿਪਤ ਮੇਂ ਨ ਸੋਗ ਤਾਹਿ ਸੁਖ ਦੁਖ ਸਮਸਰਿ ਬਹਿਸ ਨ ਰੋਇ ਹੈ ॥ ਜਨਮੇ ਜੀਵਨ ਮ੍ਰਿਤ ਮੁਕਤਿ ਨ ਭੇਦ ਖੇਦ ਗੰਮਿਤਾ ਤ੍ਰਿਕਾਲ ਬਾਲ ਬੁਧ ਅਵਿਲੋਇ ਹੈ ॥ ਗਿਆਨ ਗੁਰ ਅੰਜਨ ਕੇ ਚੀਨਤ ਨਿਰੰਜਨਹਿ ਬਿਰਲੋ ਸੰਸਾਰ ਪ੍ਰੇਮ ਭਗਤਿ ਮੈ ਕੋਇ ਹੈ ॥

ਸੋ ਗੁਰੂ ਕੇ ਸਿੱਖਾਂ ਦੇ ਪ੍ਰੇਮ ਦੀ ਗਤੀ ਲਖੀ ਨਹੀਂ ਜਾਂਦੀ ਧੰਨਿ ਗੁਰੂ ਜੀ ਹੇਨ ਅਤੇ ਧੰਨਿ ਗੁਰੂ ਕੇ ਸਿੱਖ ਹੈਨ ॥

ਇਤਿ ਪੰਜਵੀਂ ਸਾਖੀ ਸਮਾਪਤ ਹੋਈ ॥

## ਮੇਰੇ ਮਨ ਨਾਮੁ ਨਿਤ ਨਿਤ ਲੇਹ

**ਸੋਰਠਿ ਮਹਲਾ ੩**

ਬਿਨ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ, ਜੁਗ ਚਾਰੇ ਭਰਮਾਈ ॥
ਹਮ ਦੀਨ ਤੁਮ ਜੁਗੁ ਜੁਗੁ ਦਾਤੇ, ਸਬਦੇ ਦੇਹਿ ਬੁਝਾਈ ॥
ਹਰਿ ਜੀਉ ਕ੍ਰਿਪਾ ਕਰਹੁ ਤੁਮ ਪਿਆਰੇ ॥
ਸਤਿਗੁਰ ਦਾਤਾ ਮੇਲਿ ਮਿਲਾਵਹੁ, ਹਰਿ ਨਾਮੁ ਦੇਵਹੁ ਆਧਾਰੇ ॥ ਰਹਾਉ ॥
ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ, ਪਾਇਆ ਨਾਮੁ ਅਪਾਰਾ ॥
ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ, ਕਿਲਬਿਖ ਕਾਟਣਹਾਰਾ ॥
ਸਬਦਿ ਮਰਹੁ ਫਿਰ ਜੀਵਹੁ ਸਦ ਹੀ, ਤਾ ਫਿਰ ਮਰਣੁ ਨ ਹੋਈ ॥
ਅੰਮ੍ਰਿਤ ਨਾਮੁ ਸਦਾ ਮਨਿ ਮੀਠਾ, ਸਬਦੇ ਪਾਵੈ ਕੋਈ ॥
ਦਾਤੈ ਦਾਤਿ ਰਖੀ ਹਥਿ ਅਪਣੈ, ਜਿਸੁ ਭਾਵੈ ਤਿਸੁ ਦੇਈ ॥
ਨਾਨਕ ਨਾਮਿ ਰਤੇ ਸੁਖੁ ਪਾਇਆ, ਦਰਗਹ ਜਾਪਹਿ ਸੇਈ ॥

# ਰਾਜਾ ਜੋਗੀ

ਅਰਥਾਤ ਜੀਵਨ ਕਥਾ

## ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ

( ਵਲੋਂ : ਸ੍ਰੀਮਾਨ ਗਿਆਨੀ ਈਸ਼ਰ ਸਿੰਘ ਜੀ ਨਾਰਾ )

ਮਹਾਂਰਾਜਾ ਰਣਜੀਤ ਸਿੰਘ ਨੂੰ ਰਾਜ ਤਿਲਕ ਦੇਣ ਦੀ ਸਾਖੀ ਜਨਵਰੀ ਦੇ ਅਜੂਨੀ ਵਿਚ ਛਪ ਚੁੱਕੀ ਹੈ । ਉਸ ਤੋਂ ਅੱਗੇ ਇਹ ਖੁਸ਼ੀਆਂ ਭਰੀ ਸਾਖੀ ਛਾਪੀ ਜਾਂਦੀ ਹੈ ।

## ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਬਾਬਾ ਜੀ ਨੂੰ ਭੇਟਾ ਅਰਪਣ ਅਤੇ ਦਰਬਾਰੀਆਂ ਤੋਂ ਨਜ਼ਰਾਨੇ ਲੈਣੇ

ਵਧਾਈ ਦੀ ਇਹ ਸੋਹਾਵਣੀ ਅਵਾਜ਼ ਲੋਕਾਂ ਦੇ ਕੰਨਾਂ ਵਿਚ ਪੈਣ ਦੀ ਦੇਰ ਸੀ ਕਿ ਚੌਹੀਂ ਪਾਸੀਂ ਵਧਾਈ ਹੀ ਵਧਾਈ ਅਤੇ ਜੈਕਾਰਿਆਂ ਦੀ ਗੂੰਜ ਨੇ ਪੰਡਾਲ ਨੂੰ ਗੰਜਾ ਦਿਤਾ । ਫੁੱਲਾਂ ਦੀ ਬਰਖਾ ਕੀਤੀ ਗਈ । ਤੋਪਾਂ ਦੀਆਂ ਸ਼ਲਾਖਾਂ ਤੇ ਬਾਜਿਆਂ ਢੋਲਾਂ ਨਗਾਰਿਆਂ ਦੀ ਧੁੰਨੀ ਵਿਚ ਇਸ ਰਸਮ ਨੂੰ ਸਿਰੇ ਚੜ੍ਹਾਇਆ ਗਿਆ । ਉਪਰੰਤ 'ਸ੍ਰੀ ਗੁਰੂ ਗ੍ਰੰਥ' ਜੀ ਅਗੇ ਬੇਅੰਤ ਭੇਟਾ ਚੜ੍ਹਾਂਦੇ ਹੋਏ ਮਹਾਰਾਜਾ ਰਣਜੀਤ ਸਿੰਘ ਜੀ ਨੇ ਮੱਥਾ ਟੇਕਿਆ ! ਫੇਰ ਇਸੇ ਤਰ੍ਹਾਂ ਸ੍ਰੀ ਬਾਬਾ ਜੀ ਅਗੇ ਵੀ ਸੀਸ ਨਿਵਾਇਆ ਤੇ ਭੇਟਾ ਅਰਪਣ ਕਰਕੇ ਫੇਰ ਸ਼ਾਹੀ ਤਖਤ ਉਤੇ ਸੱਜ ਗਏ । ਉਪ੍ਰੰਤ ਬਾਹਰ ਆਏ ਰਾਜੇ ਰਾਣੇ, ਨਵਾਬਾਂ, ਰਈਸਾਂ, ਸ੍ਰਦਾਰਾਂ ਅਤੇ ਦਰਬਾਰੀ ਮੁਖੀਆਂ, ਸ਼ਹਰੀਆਂ ਪਤਵੰਤਿਆਂ, ਸਭਨਾਂ ਪਾਸੋਂ ਨਜ਼ਰਾਂਨੇ (ਤੋਹਫੇ) ਕਬੂਲ ਕੀਤੇ ਤੇ ਯਥਾਯੋਗ ਖਿਲਤਾਂ ਖਤਾਬਾਂ ਅਤੇ ਸਿਰੋਪਾਉ ਦਿੰਦੇ ਹੋਏ ਸਣੇ-ਸਣੇ ਸਭਨਾਂ ਨੂੰ ਵਿਦਾਇਗੀ ਬਖਸ਼ੀ ।

ਹੁਣ ਜਦੋਂ ਬਾਬਾ ਸਾਹਿਬ ਸਿੰਘ ਜੀ ਨੇ ਵੀ ਇਸ ਸਾਰੇ ਸਮਾਗਮ ਦੀ ਨਿਰਵਿਘਨ ਸਮਾਪਤੀ ਪਿਛੋਂ ਚਲਣ ਦੀ ਤਿਆਰੀ ਕੀਤੀ, ਤਾਂ ਮਹਾਰਾਜਾ ਸਾਹਿਬ ਨੇ ਬੇਨਤੀ ਦਵਾਰੇ ਆਖਿਆ-ਮਹਾਰਾਜ ! ਰਾਜ ਭਾਗ ਦੀ ਅਸੀਸ ਅਤੇ ਮਹਾਰਾਜੇ ਦਾ ਤਿਲਕ ਬਖਸ਼ ਕੇ ਆਪ ਨੇ ਨਿਵਾਜਿਆ ਤਾਂ ਹੈ । ਪਰ ਬਾਹਰੋਂ ਆਈਆਂ ਰਪੋਟਾਂ (ਸੋਆਂ) ਥੀਂ ਪਤਾ ਲਗਦਾ ਹੈ ਕਿ ਕਈ ਇਲਾਕਿਆਂ ਅੰਦਰ ਅਜੇ ਤੀਕ ਅਮਨ ਨਹੀਂ ਹੋ ਸਕਿਆ, ਤੇ ਕਈ ਜਾਬਰ ਲੋਕਾਂ ਨੇ ਅਜੇ ਤਾਂਈ ਪੂਰੀ ਤਾਬਦਾਰੀ ਵੀ ਕਬੂਲ ਨਹੀਂ ਕੀਤੀ । ਅਤੇ ਨਾ ਹੀ ਪਰਜਾ ਨੂੰ ਸੁਖ ਨਾਲ ਸੌਣ ਦਿੰਦੇ ਹਨ । ਇਸ ਲਈ ਐਸੇ ਖਰੂਦੀ ਲੋਕਾਂ ਨੂੰ ਦਬਾ ਕੇ ਇਸ 'ਰਾਜ ਦੀ ਨੀਹਾਂ ਪੱਕਿਆਂ ਕਰਨ ਲਈ ਅਜੇ ਆਪ ਦੀ ਸਹਾਇਤਾ ਮਿਲਣੀ ਚਾਹੀਏ ! ਐਸੇ ਹੀ ਅਮਨ ਆਮਾਂ ਨੂੰ ਕਾਇਮ ਰਖਣ ਵਾਸਤੇ ਸਿੱਖ ਸੰਗਤਾਂ ਵਿਚ 'ਖਾਲਸਾ ਰਾਜ' ਦਾ ਉਤਸ਼ਾਹ ਵਧਾਣ ਨੂੰ ਅਜੇ ਦੇਸ਼ ਅੰਦਰ ਆਪ ਦੇ ਦੌਰੇ ਦੀ ਬਹੁਤ ਲੋੜ ਹੈ । ਇਹ ਖੇਚਲ ਕਰਣੀ ਵੀ ਅਪਣੇ ਬਚਨ ਅਤੇ ਬਿਰਦ ਦੀ ਲਜਿਆ ਹੀ ਪਾਲਣੀ ਹੈ ।

ਮਹਾਰਾਜਾ ਜੀ ਦੀ ਇਹ ਬੇਨਤੀ ਸ੍ਰੀ ਬਾਬਾ ਜੀ ਨੇ ਪ੍ਰਵਾਨ ਕੀਤੀ ਅਤੇ ਭਰੋਸੇ ਦਿੰਦੇ ਹੋਏ ਲਾਹੌਰ ਵਿਚੋਂ ਚਾਲੇ ਪਾਕੇ ਗੁਜਰਾਂ ਵਾਲੇ ਆਣ ਮੁਕਾਮ ਕੀਤਾ । ਇਥੋਂ ਨਾਮ ਬਾਣੀ ਦਾ ਪ੍ਰਵਾਹ ਚਲਾ ਕੇ ਅਲਾਕੇ ਅੰਦਰ ਕਈ ਹਜ਼ਾਰ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਤੇ ਇਸੇ ਦਾਤ ਨਾਲ ਸਿੰਘ ਸਜਾ ਕੇ ਨਿਹਾਲ ਕੀਤਾ ।

# ਰਾਜਾ ਸਾਹਿਬ ਸਿੰਘ ਭੰਗੀ ਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜੀਨਾਮਾਂ ਕਰਾਇਆ

ਮਹਾਰਾਜਾ ਰਣਜੀਤ ਸਿੰਘ ਜੀ ਨੇ ਛੋਟੀ ਉਮਰ ਵਿਚ ਹੀ ਅਪਣੇ ਪਿਤਾ ਸ: ਮਹਾਂ ਸਿੰਘ ਜੀ ਦੀ ਆਗਿਆ ਨਾਲ ਗੁਜਰਾਤੀਏ ਰਾਜਾ ਸਾਹਿਬ ਸਿੰਘ ਭੰਗੀ ਉਤੇ ਫਤੇ ਪਾਕੇ ਪਹਿਲੇ 'ਸੋਂਹਦਰੇ' ਦੇ ਕਿਲ੍ਹੇ ਉਤੇ ਕਬਜ਼ਾ ਕਰ ਲਿਆ ਹੋਇਆ ਸੀ। ਫਿਰ ਇਨ੍ਹਾਂ ਹੀ ਭੰਗੀ ਸਰਦਾਰਾਂ ਪਾਸੋਂ ਲਾਹੌਰ ਵੀ ਖੋਹ ਲਿਆ ਸੀ। ਜਿਸ ਤੇ ਰਾਜਾ ਸਾਹਿਬ ਭੰਗੀ ਨੂੰ ਮਹਾਰਾਜਾ ਰਣਜੀਤ ਉਤੇ ਬਹੁਤ ਰੰਜ ਸੀ। ਉਹ ਹਰ ਵੇਲੇ ਦਾਉ ਲਭਦਾ ਰਹਿੰਦਾ ਸੀ ਜੋ ਕਿਸੇ ਤਰ੍ਹਾਂ ਵੀ ਹੋਵੇ ਬਦਲਾ ਲਏ। ਇਸੇ ਆਸ਼ੇ ਨੂੰ ਪੂਰਾ ਕਰਨ ਲਈ ਭੰਗੀ ਸਰਦਾਰਾਂ ਨੇ ਪਰਦੇ ਪਰਦੇ ਵਿਚ ਹੀ ਬਹੁਤੀ ਫੌਜ ਵਧਾ ਲਈ, ਅਤੇ ਅਪਣੇ ਨਾਲ ਸ: ਜੋਧ ਸਿੰਘ ਅਤੇ ਦੱਲ ਸਿੰਘ ਰਾਮਗੜ੍ਹੀਏ, ਅਤੇ ਕੁਝ ਹੋਰ ਸਰਦਾਰਾਂ ਨੂੰ ਮਿਲਾ ਕੇ ਭੰਗੀ ਸ੍ਰਦਾਰ ਇਸ ਉਡੀਕ ਵਿਚ ਰਹਿੰਦੇ ਸੀ ਕਿ ਜਿਵੇਂ ਹੀ ਮਹਾਰਾਜਾ ਕਿਸੇ ਦੁਰਾਢੀ ਮੁਹਿਮ ਉਤੇ ਜਾਏ ਤਾਂ ਇਹ ਲਾਹੌਰ ਉਤੇ ਹੱਲਾ ਬੋਲ ਦੇਣ।

ਮਹਾਰਾਜਾ ਰਣਜੀਤ ਸਿੰਘ ਵੀ ਇਨ੍ਹਾਂ ਦੀ ਤਿਆਰੀ ਅਤੇ ਆਸ਼ੇ ਥੀਂ ਬੇਖਬਰ ਨਹੀਂ ਸਨ। ਆਪ ਨੇ ਦੁਸ਼ਮਣਾਂ ਦੇ ਹੱਲੇ ਥੀਂ ਪਹਿਲਾਂ ਹੀ ਦੱਸ ਹਜ਼ਾਰ ਫੌਜ ਨਾਲ ਗੁਜਰਾਤ ਉਤੇ ਹੱਲਾ ਬੋਲ ਦਿਤਾ। ਭੰਗੀ ਸ੍ਰਦਾਰਾਂ ਨੇ ਮਸਾਂ ਹੀ ਕਿਲ੍ਹੇ ਦੀਆਂ ਦੀਵਾਰਾਂ ਉਤੇ ਚੜ੍ਹਾ ਕੇ ਗੋਲਾ ਬਾਰੀ ਸ਼ੁਰੂ ਕਰ ਦਿਤੀ। ਜਿਸ ਤੇ ਤੋਪਾਂ ਦਾ ਜਵਾਬ ਤੋਪਾਂ ਨਾਲ ਹੀ ਬਾਹਰੋਂ ਵੀ ਦਿਤਾ ਜਾਣ ਲਗਾ। ਅਤੇ ਇਹ ਲੜਾਈ ੪, ੫, ਦਿਨ ਲਗਾਤਾਰ ਜਾਰੀ ਰਹੀ। ਸੈਂਕੜੇ ਜਵਾਨ ਮਾਰੇ ਗਏ। ਪਰ ਜਿਸ ਵੇਲੇ ਮਹਾਰਾਜੇ ਨਾਲ ਪੇਸ਼ ਜਾਂਦੀ ਨਾਂ ਦੇਖੀ, ਤਾਂ ਭੰਗੀ ਸਰਦਾਰਾਂ ਨੇ ਲਿਖਤੀ ਬੇਨਤੀ ਪੱਤਰ ਭੇਜ ਕੇ ਰਾਤੋ ਰਾਤੀ ਬਾਬਾ ਜੀ ਨੂੰ ਬੁਲਾਵਣਾਂ ਕੀਤਾ। ਇਨ੍ਹੀਂ ਦਿਨੀਂ ਬਾਬਾ ਸਾਹਿਬ ਸਿੰਘ ਦਾ ਮੁਕਾਮ ਗੁਜਰਾਂਵਾਲੇ ਹੀ ਸੀ। ਜਦੋਂ ਕਾਸਦ ਪੁਜੇ ਤਾਂ ਆਪ ਜ਼ਰਾ ਢਿਲ ਨ ਕੀਤੀ, ਅਤੇ ਉਸੇ ਵੇਲੇ ਘੋੜਾ ਦੁੜਾ ਗੁਜਰਾਤ ਆ ਕੇ ਮਹਾਰਾਜਾ ਨੂੰ ਲੜਨੋਂ ਰੋਕ ਕੁਝ ਕੁ ਸ਼ਰਤਾਂ ਨਾਲ ਦੋਹਾਂ ਧਿਰਾਂ ਦਾ ਰਾਜ਼ੀਨਾਮਾਂ ਕਰਵਾ ਦਿਤਾ।

# ਸੰਗਤਾਂ ਦੀ ਬੇਨਤੀ ਮੰਨ ਕੇ ਵਜ਼ੀਰਾਬਾਦ ਆਏ

ਮਹਾਰਾਜਾ ਰਣਜੀਤ ਸਿੰਘ ਅਤੇ ਰਾਜਾ ਸਾਹਿਬ ਸਿੰਘ ਭੰਗੀ ਦਾ ਰਾਜ਼ੀ ਨਾਮਾਂ ਕਰਾਕੇ ਸੰਗਤਾਂ ਨੂੰ ਨਿਹਾਲ ਕਰਦੇ ਬਾਬਾ ਜੀ ਨੇ ਕੁਝ ਦਿਨ ਗੁਜਰਾਤ ਵਿਚ ਨਿਵਾਸ ਰਖਿਆ। ਫੇਰ 'ਆਹਲੇ' ਜਿਲਾ ਗੁਜਰਾਤ ਵਿਚ ਆਕੇ ਅੰਮ੍ਰਿਤ ਦੀ ਦਾਤ ਨਾਲ ਬਅੰਤ ਪ੍ਰਾਣੀਆਂ ਨੂੰ ਸਿੰਘ ਸਜਾਇਆ। ਇਥੋਂ ਆਪ ਜੀ ਨੂੰ 'ਸੰਤ ਪੁਰੇ' (ਖਾਰੀਆ ਦੇ ਨੜੇ) ਦੀ ਸੰਗਤ ਨਾਲ ਲੈ ਗਈ, ਅਤੇ ਬੇਅੰਤ ਉਤਸ਼ਾਹ ਪ੍ਰਗਟ ਕਰਦਿਆਂ ਹਜ਼ੂਰ ਬਾਬਾ ਜੀ ਦੇ ਹਥੀਂ ਅੰਮ੍ਰਿਤ ਪਾਨ ਕਰਕੇ ਸਫਲ ਹੋਈ। ਚਲਣ ਸਮੇਂ ਇਨ੍ਹਾਂ ਨੇ ਬੇਨਤੀ ਕੀਤੀ– ਬਾਬਾ ਜੀਉ। ਕੋਈ ਨਿਸ਼ਾਨੀ ਬਖਸ਼ੋ, ਤਾਂ ਬਚਨ ਹੋਇਆ, ਘੋੜਿਆਂ ਦੇ ਕਿੱਲੇ ਨਾ ਪੁੱਟਣੇ। ਹਰੇ ਹੋ ਜਾਣਗੇ ਇਹੀ ਨਿਸ਼ਾਨੀ ਸਮਝ ਲੈਣਾ। ਇਥੋਂ ਸੰਤਪੁਰੇ ਥੀਂ ਚਲ ਕੇ ਹਜ਼ੂਰ ਵਜ਼ੀਰਾਬਾਦ' ਆਣ ਬਿਰਾਜੇ।

**ਨੋਟ**– 'ਸੰਤਪੁਰੇ' ਇਸ ਥਾਂ ਉਤੇ ਬਾਬਾ ਜੀ ਦੇ ਕੀਤੇ ਬਚਨ ਸੱਤ ਹੋਏ। ਪੇੜ ਹਰੇ ਹੋ ਗਏ ਜੋ ਹੁਣ ਤੀਕ ਖੜੇ ਹਨ। ਇਥੇ ਸੰਗਤ ਨੇ ਫੇਰ ਬਾਬਾ ਜੀ ਦੀ ਯਾਦਗਾਰ 'ਦਮਦਮਾ ਬਾਬਾ ਸਾਹਿਬ ਸਿੰਘ' ਥਾਪਿਆ। ਜੋ ਸ਼ੋਹਰੋਂ ਬਾਹਰ ਉਤਰ ਵਲ ਉਦਾਸੀ ਮਹਾਤਮਾਂ ਨੇ ਸੇਵਾ ਸੰਭਾਲ ਰਖੀ ਸੀ। ਦਾਸ ਲੇਖਕ ਨੇ ਪੜਤਾਲ ਵੇਲੇ ਜਾ ਕੇ ਦੇਖਿਆ ਸੀ।

# ਭਾਈ ਬਲਾ ਸਿੰਘ ਦੀ ਸਾਖੀ

'ਫਰੂਕੇ' ਦਾ ਬੱਲਾ ਸਿੰਘ ਨਾਮੀ ਇਕ ਬਿਉਪਾਰੀ ਅਪਣੇ ਕੁਝ ਸਾਥੀਆਂ ਸਮੇਤ 'ਵਜ਼ੀਰਾਬਾਦ ਕਾਰ ਵਿਹਾਰ ਲਈ ਆਇਆ ਹੋਇਆ ਸੀ । ਇਸ ਦੇ ਮਨ ਵਿਚ ਚਿਰ ਥੀਂ ਵੈਰਾਗ ਸੀ । ਇਥੇ ਆ ਕੇ ਵੀ ਡੇਰੇ ਦੀ ਰਾਖੀ ਕਰਦਾ ਤੇ ਗੁਰਬਾਣੀ ਦਾ ਪਾਠ ਕਰਦਾ ਰਹਿੰਦਾ । ਸੌਦਾ ਵੀ ਇਸ ਦੇ ਸਾਥੀ ਹੀ ਬਾਹਰ ਫਿਰ ਕੇ ਵੇਚਦੇ ਅਤੇ ਰੁਪੈ ਵੰਡ ਦਿਆ ਕਰਦੇ । ਕਿਸੇ-ਕਿਸੇ ਵੇਲੇ ਗੁਰਬਾਣੀ ਪੜ੍ਹਦਿਆਂ ਵੈਰਾਗ ਅਧਿਕ ਹੋ ਜਾਂਦਾ, ਤਾਂ ਨੇਤਰ ਕਿਰਣ ਲਗਦੇ ਅਤੇ ਰਾਤ ਭਰ ਜਾਗਦੇ ਹੋਇਆਂ, ਬਲਾ ਸਿੰਘ ਇਸ ਤਰ੍ਹਾਂ ਦੇ ਬੇਨਤੀ ਦੇ ਸ਼ਬਦ ਪੜ੍ਹਦਾ ਰਹਿੰਦਾ ਸੀ ।

## ਜੈਤਸਰੀ ਮਹਲਾ ੫

ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥
ਚਰਨ ਗਹਉ ਬਕਉ ਸੁਭ ਰਸਨਾਂ ਦੀਜੈ ਪ੍ਰਾਨ ਅਕੋਰਿ ।੧। ਰਹਾਉ ॥ ਮਨੁ
ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ । ਇਆ ਰਸ ਮਹਿ ਮਗਨੁ
ਹੋਤ ਕਿਰਪਾ ਤੇ ਮਹਾਂ ਬਿਖਿਆ ਤੇ ਤੋਰਿ ।੧। ਆਇਓ ਸਰਨਿ ਦੀਨ ਦੂਖ ਭੰਜਨ
ਚਿਤਵਉ ਤੁਮਰੀ ਓਰਿ । ਅਭੈ ਪਦੁ ਦਾਨੁ ਸਿਮਰਨੁ ਸੁਆਮੀਕੋ ਪ੍ਰਭ ਨਾਨਕ ਬੰਧਨ ਛੋਰ ।੨।

ਪ੍ਰੇਮੀ ਦੀ ਅਰਦਾਸ ਪ੍ਰਵਾਨ ਹੋਈ। ਵਜ਼ੀਰਾਬਾਦ ਵਿਚ ਆਏ ਹੋਏ ਸ੍ਰੀ ਬਾਬਾ ਜੀ ਦੇ ਦਿਲ ਵਿਚ ਵੀ ਡਾਹਢੀ ਖਿੱਚ ਪਈ । ਨਿਹੰਗ ਸਿੰਘ ਦੇ ਰੂਪ ਵਿਚ ਇਸ ਪ੍ਰੇਮੀ ਦੇ ਦਰਵਾਜ਼ੇ ਅਗੇ ਜਾ ਖਲੋਤੇ, ਅਤੇ ਉਚੀ 'ਅਕਾਲ' 'ਅਕਾਲ' ਦਾ ਜੈਕਾਰਾ ਗਜਾਇਆ, ਬੱਲਾ ਸਿੰਘ ਧਿਆਨ ਵਿਚ ਮਗਨ ਬੈਠਾ ਸੀ । ਅਵਾਜ਼ ਸੁਣ ਕੇ ਨੇਤਰ ਖੁਲ੍ਹੇ, ਤਾਂ ਨੇੜੇ ਹੋ ਕੇ ਅਦਬ ਕੀਤਾ । ਨਿਹੰਗ ਦੇ ਰੂਪ ਵਿਚ ਬਾਬਾ ਜੀ ਨੇ ਆਖਿਆ ਪ੍ਰੇਮੀਆਂ ਭੁਖ ਲਗੀ ਹੈ ਫੌਜਾਂ ਨੂੰ ਪ੍ਰਸ਼ਾਦਾ ਛਕਾ ਦਿਓ । ਬੱਲਾ ਸਿੰਘ ਨੇ ਆਦਰ ਨਾਲ ਅੰਦਰ ਲੈ ਜਾ ਕੇ ਬਿਠਾਇਆ ਅਤੇ ਧੰਨ ਭਾਗ ਜਾਣਦੇ ਹੋਏ ਪ੍ਰਸ਼ਾਦਾ ਛਕਾਇਆ । ਗੁਰੂ ਜੀ ਦਾ ਵਾਕ ਹੈ—

ਅਭੈ ਨਿਰੰਜਨ ਪਰਮ ਪਦੁ ਤਾਕਾ ਭੀਖਕੁ ਹੋਇ ॥
ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ ॥ (੧੪੧੩)

ਇਸ ਪ੍ਰੇਮੀ ਦੇ ਹੱਥਾਂ ਦੇ ਤਿਆਰ ਕੀਤੇ ਭੋਜਨ ਵਿਚ ਕਿਤਨਾਂ ਸੁਆਦ ਸੀ ਇਹ ਬਾਬਾ ਜੀ ਹੀ ਅਨੁਭਵ ਕਰ ਸਕੇ ਹੋਣਗੇ । ਜਿਨ੍ਹਾਂ ਨੇ ਛੱਕ ਕੇ ਇਉਂ ਬਚਨ ਕੀਤਾ—

ਮਿੱਠਾ ਬੋਲਣ ਨਿੱਵ ਚਲਣ ਹਥੋਂ ਵੀ ਕੁਝ ਦੇਹਿ ।
ਰੱਬ ਤਿਨ੍ਹਾਂ ਦੀ ਬੁਕਲੀ ਜੰਗਲ ਕਿਉਂ ਢੂੰਢਹਿ ।

ਬੱਲਾ ਸਿੰਘ ਨੇ ਇਹ ਬਚਨ ਸੁਣਿਆਂ ਤਾਂ ਆਪ ਨੂੰ ਸਾਧਾਰਨ ਫਿਰਤੂ ਨਿਹੰਗ ਸਿੰਘ ਨ ਜਾਣਿਆ, ਸਗੋਂ ਕੋਈ ਪਹੁੰਚ ਵਾਲਾ ਸੰਤ ਸਮਝ ਕੇ ਨੇੜੇ ਹੋ ਬੈਠਾ । ਸ੍ਰੀ ਬਾਬਾ ਜੀ ਨੇ ਪੁਛਿਆ-ਪ੍ਰੇਮੀਆਂ ਮੁਖੜੇ ਤੇ ਉਦਾਸੀ ਕਿਉਂ ਹੈ ? ਇਹ ਬੋਲਿਆ-ਰੱਬ ਦੇ ਵਛੋੜੇ ਦੀ ਉਦਾਸੀ ਹੈ, ਜੋ ਕਈ ਜਨਮ ਦਾ ਹੈ, ਮਿਲਾਪ ਚਾਹੁੰਦਾ ਹਾਂ-ਹੋਰ ਕੁਝ ਨਹੀਂ ।

ਬੱਲਾ ਸਿੰਘ ਦੀ ਦੀਨਤਾ ਤੇ ਵੈਰਾਗ ਮਈ ਦਸ਼ਾ ਦਾ ਅਨੁਮਾਨ ਕੀਤਾ । ਹਜ਼ੂਰ ਨੇ ਕ੍ਰਿਪਾ ਭਰੀ ਦ੍ਰਿਸ਼ਟ ਨਾਲ ਦੇਖਿਆ ਅਤੇ ਅਮੋਲਕ ਬਚਨਾਂ ਦਵਾਰੇ ਨਿਜਾਤਮ ਸਰੂਪ ਦੀ ਸੋਝੀ ਬਖਸ਼ ਕੇ ਨਾਮ ਸਿਮਰਨ

ਵਿਚ ਦ੍ਰਿੜਤਾ ਕਰਾਈ। ਉਥੋਂ ਮੁੜ ਅਪਣੇ ਡੇਰੇ ਆਣ ਦੂਜਾ ਪੁਸ਼ਾਕਾ ਬਦਲਿਆ।

ਬੱਲਾ ਸਿੰਘ ਦਾ 'ਮਨ ਮੈਦਾਨ' ਸੀ। ਇਹ ਪ੍ਰੇਮ ਵੈਰਾਗ ਦੇ ਵੱਤਰ ਨਾਲ ਅੱਤ ਭਿੱਜਾ ਤੇ ਸੁਧਰਿਆ ਹੋਇਆ ਸੀ। ਸ੍ਰੀ ਬਾਬਾ ਜੀ ਦੇ ਪਵਿਤ੍ਰ ਉਪਦੇਸ਼ ਨੇ ਇਸ ਦੀ ਲਿਵ ਅੰਤਰ ਆਤਮੇਂ ਨਾਮ ਸਿਮਰਨ ਵਿਚ ਜੋੜ ਦਿਤੀ। ਇਸ ਨੂੰ ਸਰੀਰ ਦੀ ਸੁੱਧ ਨ ਰਹੀ। ਸਮੇਂ ਸਿਰ ਇਸ ਦੇ ਸਾਥੀ ਵਾਪਸ ਆਏ, ਤਾਂ ਬੱਲਾ ਸਿੰਘ ਦੀ ਦਸ਼ਾ ਹੋਰ ਦੀ ਹੋਰ ਹੋਈ ਦੇਖੀ। ਦੋ ਚਾਰ ਦਿਨਾਂ ਅੰਦਰ ਹੀ ਇਸ ਦਾ ਸਾਰਾ ਸੌਦਾ ਵੇਚ ਕੇ ਇਹਨੂੰ ਮੰਜੇ ਤੇ ਚੁਕਾ ਕੇ 'ਫਰੂਕੇ' ਪਰਵਾਰ ਪਾਸ ਭੇਜ ਦਿਤਾ। ਸੰਬੰਧੀਆਂ ਨੇ ਰੋਗੀ ਜਾਣ ਕੇ ਕਈ ਤਰ੍ਹਾਂ ਦੇ ਇਲਾਜ ਤੇ ਜੰਤਰ ਮੰਤਰ ਵੀ ਕੀਤੇ ਕਰਾਏ, ਪਰ ਇਸ ਦੀ ਚੁੱਪ ਨ ਖੁਲ੍ਹੀ ਸੀ। ਇਸ ਦਾ ਹਿਰਦਾ ਪ੍ਰਭੂ ਪ੍ਰੇਮ ਵਿਚ ਭਰਿਆ ਤੇ ਅੱਖਾਂ ਵਿਚੋਂ ਕ੍ਰਿਸੇ ਕਿਸੇ ਵੇਲੇ ਪ੍ਰੇਮ ਦੇ ਹੰਝੂ ਕਿਰਨ ਲਗਦੇ ਸਨ। ਐਸੀ ਅਵਸਥਾ ਸੰਬੰਧੀ ਹੀ ਭਗਤ ਸ੍ਰੀ 'ਭੀਖਨ' ਜੀ ਦਾ ਇਹ ਕਥਨ ਹੈ—

ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧਵਾਨੀ

## ਰਾਜਾ ਜੋਧ ਸਿੰਘ ਵਜ਼ੀਰਾਬਾਦੀ ਦੀ ਰਾਣੀ ਪ੍ਰਥਾਇ

ਅੰਮ੍ਰਿਤ ਵੇਲੇ ਤੇ ਸੰਧਿਆ ਸਮੇਂ ਹਜ਼ੂਰ ਦੀਵਾਨ ਸਜਾ ਕੇ ਜ਼ਰੂਰ ਨਿਯਮ ਨਾਲ ਕੀਰਤਨ ਸੁਣਦੇ ਹੁੰਦੇ, ਕਦੀ ਦੁਪੈਹਰੇ ਵੀ ਮੌਜ ਮਾਣ ਲੈਂਦੇ। ਇਕ ਦਿਨ ਦੁਪੈਹਰ ਸਮੇਂ ਨਿਵਾਸ ਅਸਥਾਨ ਇਕਾਂਤ ਵਿਚ ਬਿਰਾਜੇ ਹੋਏ ਸਨ। ਅੱਖ ਖੁਲ੍ਹ ਗਈ, ਤਾਂ ਕੀਰਤਨ ਸੁਣਨ ਦੀ ਰੁਚੀ ਹੋਈ। ਕੀਰਤਨੀਆਂ ਨੂੰ ਬੁਲਾਇਆ ਤੇ ਸ਼ਬਦ ਸਤਕਾਰ ਲਈ ਉੱਚੀ ਥਾਂਇ ਬੈਠਣ ਦੀ ਆਗਿਆ ਕੀਤੀ। ਪੁਰਾਣੇ ਗਵੱਯੇ ਭਾਈ ਮਨਸਾ ਸਿੰਘ ਜੀ ਨੇ ਮਿੱਠੀ ਤੇ ਸੁਰੀਲੀ ਧੁਨ ਨਾਲ ਰਾਗ ਵਿਚ ਰਗ ਕੇ ਸ਼ਬਦ ਦਾ ਅਲਾਪ ਅਰੰਭ ਕੀਤਾ। ਬਾਬਾ ਜੀ ਦੀ ਸੁਰਤ ਇਸ ਅੰਮ੍ਰਿਤ ਪ੍ਰਵਾਹ ਦੀ ਥਾਹ ਵਿਚ ਜਾ ਟਿਕੀ। ਨੇਤਰ ਮੁੰਦੇ ਗਏ, ਤੇ ਮਨ ਮਾਨੋਂ ਦਸਵੇਂ ਅਕਾਸ਼ ਨੂੰ ਜਾ ਚੜ੍ਹਿਆ।

ਇਹ ਮਨ ਸ਼ਕਤੀ ਇਹ ਮਨ ਸੀਉ ਇਹ ਮਨ ਮੰਨ ਪੰਚ ਤੱਤ ਕੋ ਜੀਉ।
ਇਹ ਮਨ ਲੈ ਜੋ ਉਨ ਮਨ ਰਹੈ, ਤੀਨ ਲੋਗ ਕੀ ਬਾਤੈਂ ਕਹੈ॥
ਪੁਨ—ਕਬੀਰ ਚਰਨ ਕਮਲ ਕੀ ਮੌਜ ਕੋ ਕਹਿ ਕੈਸੇ ਉਨਮਾਣ।
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨ॥ (੧੩੭੦)

ਇਸ ਮੌਜ ਵਿਚ ਹਜ਼ੂਰ ਮਸਤ ਹੋਇ ਬੈਠੇ ਸਨ, ਤਾਂ ਰਾਜਾ ਜੋਧ ਸਿੰਘ ਦੀ ਰਾਣੀ ਆਪਣੀਆਂ ਦਾਸੀਆਂ ਸਮੇਤ ਦਰਸ਼ਨ ਨੂੰ ਆਈ। ਚੋਬਦਾਰ ਨੇ ਇਹ ਆਖ ਕੇ ਰੋਕ ਦਿਤਾ ਕਿ ਬਾਬਾ ਜੀ ਇਕਾਂਤ ਵਿਚ ਕੀਰਤਨ ਸੁਣ ਰਹੇ ਹਨ ਅਤੇ ਸਮਾਧੀ ਵਿਚ ਲੀਨ ਹਨ। ਸਮਾਧੀ ਸਮੇਂ ਕਿਸੇ ਨੂੰ ਬੁਲਾਉਣ ਦੀ ਆਗਿਆ ਨਹੀਂ ਸੀ। ਰਾਣੀ ਨੂੰ ਬਾਹਿਰ ਹੀ ਆਦਰ ਨਾਲ ਬਿਠਾਇਆ ਗਿਆ। ਕੀਰਤਨ ਦੀ ਸਮਾਪਤੀ ਹੋਣ ਤੇ ਹਜ਼ੂਰ ਦੀ ਅੱਖ ਖੁਲ੍ਹੀ। ਤਾਂ ਆਗਿਆ ਪਾ ਕੇ ਰਾਣੀ ਨੇ ਅੰਦਰ ਜਾ ਕੇ ਦਰਸ਼ਨ ਕੀਤੇ। ਜਿਸ ਨੇ ਕਈ ਕੀਮਤੀ ਚੀਜ਼ਾਂ ਤੇ ਨਕਦੀ ਬਸਤਰਾਂ ਦੇ ਭਰੇ ਥਾਲ ਸਨਮੁਖ ਧਰਕੇ ਮੱਥਾ ਟੇਕਿਆ ਅਤੇ ਬਾਬਾ ਜੀ ਨੇ ਵੀ ਸਤਿਕਾਰ ਪਿਆਰ ਨਾਲ 'ਆਉ ਪੁਤਰੀ' ਆਖ ਕੇ ਬੈਠਣ ਦੀ ਆਗਿਆ ਕੀਤੀ।

ਰਾਣੀ ਜੀ ਨੇ ਬੇਨਤੀ ਕੀਤੀ—ਮਹਾਰਾਜ ਸਾਨੂੰ ਮਹਾਂ ਪਰਖਾਂ ਦੇ ਦਰਸ਼ਨ ਤੇ ਉਪਦੇਸ਼ ਸਰਵਣ ਕਰਣ ਦਾ ਸਮਾਂ ਨਹੀਂ ਨਸੀਬ ਹੁੰਦਾ। ਧੰਨ ਭਾਗ ਹਨ, ਜੋ ਆਪ ਜੀ ਨੇ ਚਰਣ ਪਾਕੇ ਵਜ਼ੀਰਾਬਾਦ ਦੀ ਨਗਰੀ ਨੂੰ ਪਵਿਤਰ ਕੀਤਾ ਹੈ। ਕਿਰਪਾ ਕਰੋ ਤੇ ਸ਼ੁਭ ਉਪਦੇਸ਼ ਬਖਸ਼ੋ, ਜੋ ਦ੍ਰਿੜ ਕਰਕੇ ਕਮਾਈਏ, ਤੇ ਜਨਮ ਸੁਫਲਾ ਕਰ ਸਕੀਏ, ਤਾਂ ਬਾਬਾ ਜੀ ਨੇ ਇਉਂ ਬਚਨ ਕੀਤੇ—

ਸੰਤਨ ਸੇਵਾ ਨਾਮ ਅਰਾਧਨ, ਜਨਮ ਮਰਨ ਕੱਟ ਮੈਲ ਉਪਾਧਨ।
ਸਾਸ ਅਮੋਲਕ ਬਿਰਥੇ ਜਾਵੇ॥ ਲਾਖ ਕੀਏ ਇਕ ਹਾਥ ਨ ਆਵੈ॥ (ਚਲਦਾ)

# ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚੋਂ

### ਕੁਝ ਵਿਸ਼ੇ ਵਾਰ ਚੁਣੇ ਗਏ ਸ਼ਬਦ

ਗ੍ਰਿਹਸਤ—

ਜਤੀ ਸਦਾਵਹਿ ਜੁਗਤਿ ਨਾ ਜਾਣਹਿ ਛਡਿ ਬਹਹਿ ਘਰਬਾਰੁ ॥ —ਵਾਰ ਆਸਾ (੧੧)
ਸਚਿ ਸਿਮਰਿਐ ਹੋਵੈ ਪਰਗਾਸੁ ॥ ਤਾਤੇ ਬਿਖਿਆ ਮਹਿ ਰਹੈ ਉਦਾਸੁ ॥

ਸਤਿਗੁਰ ਕੀ ਐਸੀ ਵਡਿਆਈ ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥ —ਧਨਾਸਰੀ (੪)
ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥

ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ । —ਵਾਰ ਰਾਮਕਲੀ (੧੨)
ਮਨਮੁਖ ਲਹਿਰ ਘਰੁ ਤਜਿ ਵਿਗੂਚੇ ਅਵਰਾ ਕੇ ਘਰ ਹੇਰੇ ॥

ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂੰਮਨ ਘੇਰੇ ॥
ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੇ ॥ —ਮਾਰੂ ਅਸਟਪਦੀ (੭)

ਕੀਤਾ ਪਾਵਣਾ—

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥... —ਵਾਰ ਆਸਾ (੧੩)
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ —ਵਾਰ ਆਸਾ (੧੭)
ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥ —ਵਾਰ ਆਸਾ (੨੦)

ਪ੍ਰਤਿਗਯਾ- ਸੰਕਲਪ—

ਨਾਨਕ ਚੁਲੀਆਂ ਸੁਚੀਆਂ ਜੇ ਭਰਿ ਜਾਣੈ ਕੋਇ ॥
ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ ॥
ਬ੍ਰਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ ॥
ਰਾਜੇ ਚੁਲੀ ਨਿਆਵ ਕੀ ਪੜਿਆਂ ਸਚੁ ਧਿਆਨੁ ॥
ਪਾਣੀ ਚਿਤ ਨ ਧੋਪਈ ਮੁਖਿ ਪੀਤੈ ਤਿਖ ਜਾਇ ॥ —ਵਾਰ ਸਾਰੰਗ (੭)

ਜਨੇਊ (ਯਗਯੋਪਵੀਤ)

ਦਇਆ ਕਪਾਹ, ਸੰਤੋਖੁ ਸੂਤੁ ਜਤੁ ਗੰਢੀ, ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤਾ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥
ਧੰਨ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥
ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥ —ਵਾਰ ਆਸਾ (੧੫)
ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥
ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ ॥

ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ॥
ਕੁਹਿ ਬਕਰਾ ਰਿੰਨਿ ਖਾਇਆ ਸਭੁ ਕੋ ਆਖੈ ਪਾਇ ॥
ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥
ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ । —ਵਾਰ ਆਸਾ

ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥
ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥
ਤਗੁ ਨ ਇੰਦ੍ਰੀ ਤਗੁ ਨ ਨਾਰੀ ॥ ਭਲਕੇ ਥੁਕ ਪਵੈ ਨਿਤ ਦਾੜੀ ॥
ਤਗੁ ਨ ਪੈਰੀ ਤਗੁ ਨ ਹਥੀ ॥ ਤਗੁ ਨ ਜਿਹਵਾ ਤਗੁ ਨ ਅਖੀ ॥
ਵੇ ਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥
ਲੈ ਭਾੜਿ ਕਰੇ ਵੀਆਹੁ ॥ ਕਢਿ ਕਾਗਲੁ ਦਸੇ ਰਾਹੁ ॥
ਸੁਣਿ ਵੇਖਹੁ ਲੋਕਾ ਇਹੁ ਵਿਡਾਣੁ ॥ ਮਨਿ ਅੰਧਾ ਨਾਉ ਸੁਜਾਣੁ ॥ -ਵਾਰਆਸਾ

ਜਾਤਿ ਵਰਣ—

ਫਕੜ ਜਾਤੀ ਫਕੜੁ ਨਾਉ ॥ ਸਭਨਾ ਜੀਆ ਇਕਾ ਛਾਉ ॥ —ਵਾਰ ਸਿਰੀ ਰਾਗੁ (੩)

ਜਾਤੀ ਦੈ ਕਿਆ ਹਥਿ ਸਚੁ ਪਰਖੀਐ ॥ —ਮਾਝ ਵਾਰ (੧੦)

ਖਸਮ ਵਿਸਾਰਹਿ ਤੇ ਕਮ ਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ । —ਆਸਾ (ਸੋਦਰੁ ੩)
ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥ —ਆਸਾ (੩)

ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨੀ ॥
ਤੂੰ ਸਾਹਿਬ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤ ਕੈਸੀ ॥ —ਆਸਾ (੩੩)
ਆਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ।

ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥ —ਵਾਰ ਆਸਾ (੧੧)
ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ ॥ —ਸਾਰੰਗ (੩)
ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥

ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥ —ਪ੍ਰਭਾਤੀ (੧੦)
ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ ॥
ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ ॥ —ਪ੍ਰਭਾਤੀ ਅਸਟਪਦੀ (੭)

ਜੀਵਨ, ਮਰਨ—

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥
ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥ —ਵਾਰ ਮਾਝ (੧੦)

ਜੀਵਨ ਦੀ ਕੋਈ ਅਵਧਿ ਨਹੀਂ—

ਹਮ ਆਦਮੀ ਹਾ ਇਕਦਮੀ ਮੁਹਲਤਿ ਮੁਹਤੁ ਨ ਜਾਣਾ ॥
ਨਾਨਕੁ ਬਿਨਵੈ ਤਿਸੈ ਸਰੇਵਹੁ ਜਾਕੇ ਜੀਅ ਪਰਾਣਾ ॥
ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ ॥ —ਧਨਾਸਰੀ (੨)

ਜੀਵਨ-ਮੁਕਤ—

ਜੀਵਨ ਮੁਕਤੁ ਸੁ ਆਖੀਐ ਜਿਸੁ ਵਿਚਹੁ ਹਉਮੈ ਜਾਇ ॥ —ਮਾਰੂ ਅਸਟਪਦੀ (੨)

ਜੋਗ (ਯੋਗ)—

ਜੋਗ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਤਾੜੀ ਲਾਈਐ ॥
ਜੋਗੁ ਨ ਮੁੰਦੀ ਮੂੰਡਿ ਮੁੰਡਾਈਐ ਜੋਗੁ ਨਾ ਸਿਙੀ ਵਾਈਐ ॥

... ... ...

ਜੋਗੁ ਨ ਬਾਹਰ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥

... ... ...

ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥

... ... —

ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥ ੪ ॥ —ਸੂਹੀ (੮)

ਜੋਗੀ (ਯੋਗੀ)—

ਜਗੁ ਪਰਬੋਧਹਿ ਮੜੀ ਬਧਾਵਹਿ ॥ ਆਸਣੁ ਤਿਆਗਿ ਕਾਹੇ ਸਚੁ ਪਾਵਹਿ ॥
ਮਮਤਾ ਮੋਹੁ ਕਾਮਣਿ ਹਿਤਕਾਰੀ ॥ ਨਾ ਅਉਧੂਤੀ ਨਾ ਸੰਸਾਰੀ ॥ ੧ ॥
ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ ॥ ਘਰਿ ਘਰਿ ਮਾਂਗਤ ਲਾਜ ਨ ਲਾਗੈ ॥ ੧ ॥
ਰਹਾਉ ॥
ਗਾਵਹਿ ਗੀਤ ਨ ਚੀਨਹਿ ਆਪੁ ॥ ਕਿਉ ਲਾਗੀ ਨਿਵਰੈ ਪਰਤਾਪੁ ॥
ਗੁਰ ਕੈ ਸਬਦਿ ਰਚੈ ਮਨਿ ਭਾਇ ॥ ਭਿਖਿਆ ਸਹਜ ਵੀਚਾਰੀ ਖਾਇ ॥ ੨ ॥
ਭਸਮ ਚੜਾਇ ਕਰਹਿ ਪਾਖੰਡੁ ॥ ਮਾਇਆ ਮੋਹਿ ਸਹਹਿ ਜਮਡੰਡੁ ॥
ਫੂਟੈ ਖਾਪਰੁ ਭੀਖ ਨ ਭਾਇ ॥ ਬੰਧਨਿ ਬਾਧਿਆ ਆਵੈ ਜਾਇ ॥ ੩ ॥
ਬਿੰਦੁ ਨ ਰਾਖਹਿ ਜਤੀ ਕਹਾਵਹਿ ॥ ਮਾਈ ਮਾਗਤ ਤ੍ਰੈ ਲੋਭਾਵਹਿ ॥
ਨਿਰਦਇਆ ਨਹੀ ਜੋਤਿ ਉਜਾਲਾ ॥ ਬੂਡਤ ਬੂਡੇ ਸਰਬ ਜੰਜਾਲਾ ॥ ੪ ॥
ਭੇਖ ਕਰਹਿ ਖਿੰਥਾ ਬਹੁ ਥਟੂਆ ॥ ਝੂਠੋ ਖੇਲੁ ਖੇਲੈ ਬਹੁ ਨਟੂਆ ॥
ਅੰਤਰਿ ਅਗਨਿ ਚਿੰਤਾ ਬਹੁ ਜਾਰੇ ॥ ਵਿਣੁ ਕਰਮਾ ਕੈਸੇ ਉਤਰਸਿ ਪਾਰੇ ॥ ੫ ॥
ਮੁੰਦ੍ਰਾ ਫਟਕ ਬਨਾਈ ਕਾਨਿ ॥ ਮੁਕਤਿ ਨਹੀ ਬਿਦਿਆ ਬਿਗਿਆਨਿ ॥
ਜਿਹਵਾ ਇੰਦ੍ਰੀ ਸਾਦਿ ਲੁਭਾਨਾ ॥ ਪਸੂ ਭਏ ਨਹੀ ਮਿਟੈ ਨੀਸਾਨਾ ॥੬ ॥

... ... ...

ਜਤੁ ਸਤੁ ਸੰਜਮੁ ਸਚੁ ਸੁ ਚੀਤੁ ॥ ਨਾਨਕ ਜੋਗੀ ਤ੍ਰਿਭਵਣ ਮੀਤੁ ॥

—ਰਾਮਕਲੀ ਅਸਟਪਦੀ (੨)

ੴ ਸਤਿਗੁਰ ਪ੍ਰਸਾਦਿ

# ਸ੍ਰੀ ਬੀਰ ਮ੍ਰਿਗੇਸ਼ ਗੁਰਬਿਲਾਸ ਦੇਵਤਰੂ

## ਅਥ ਕਥਾ ਪ੍ਰਸੰਗ

### ੧ ਸਕੰਧ ੧੦ ਅਧਯਾਯ

ਆਸਾ ਮਹਲਾ ॥ ੫ ॥

ਜਨਮ ਜਨਮ ਕੀ ਮਲ ਧੋਵੈ ਪਰਾਈ ਆਪਣਾ ਕੀਤਾ ਪਾਵੈ ।
ਈਹਾਂ ਸੁਖ ਨਹੀ ਦਰਗਹ ਢੋਈ ਜਮ ਪੁਰ ਜਾਵੈ ਪਚਾਵੈ ।੧।

ਨਿੰਦਕ ਅਹਿਲਾ ਜਨਮ ਗਵਾਇਆ ।
ਪਹੁਚ ਨ ਸਾਕੈ ਕਾਹੂ ਬਾਤੈ ਆਗੈ ਨ ਠੌਰ ਪਾਇਆ ।੧। ਰਹਾਉ ।
ਕਿਰਤ ਪਇਆ ਨਿੰਦਕ ਬਪੁਰੇ ਕਾ ਕਿਆ ਓਹ ਕਰੈ ਬਿਚਾਰਾ ।
ਤਹਾਂ ਬਿਗੂਤਾ ਜਹ ਕੋਇ ਨ ਰਾਖੈ ਓਰ ਕਿਸ ਪੈ ਕਰੇ ਪੁਕਾਰਾ ।੨।

ਨਿੰਦਕ ਕੀ ਗਤਿ ਕਤਹੂੰ ਨ ਖਸਮੈ ਏਵੈ ਭਾਣਾ ।
ਜੋ ਜੋ ਨਿੰਦ ਕਰੇ ਸੰਤਨ ਕੀ ਤਿਉਂ ਸੰਤਨ ਸੁਖਮਾਨਾ ।੩।

ਸੰਤਾ ਟੇਕ ਤੁਮਾਰੀ ਸੁਆਮੀ ਤੂੰ ਸੰਤਨ ਕਾ ਸਹਾਈ ।
ਕਹੁ ਨਾਨਕ ਸੰਤ ਰਾਖੇ ਨਿੰਦਕ ਦੀਏ ਰੁੜਾਈ ।੪।੪੧। ਗੋਂਡ।

ਜੇ ਓਹੁ ਅਠ ਸਠ ਤੀਰਥ ਨਾਵੈ । ਜੇ ਓਹੁ ਦੁਾਦਸ਼ ਸ਼ਿਲਾ ਪੁਗਾਵੈ ।
ਜੇ ਓਹੁ ਕੂਪ ਤਟਾ ਦੇਵਾਵੈ । ਕਰੈ ਨਿੰਦ ਸਭ ਬਿਰਥਾ ਜਾਵੈ ।੧।
ਸਾਧੁ ਕਾ ਨਿੰਦਕੁ ਕੈਸੇ ਤਰੈ । ਸਰ ਪਰ ਜਾਨਹੁ ਨਰਕ ਹੀ ਪਰੈ ।੧। ਰਹਾਉ ।
ਜੇ ਓਹੁ ਗ੍ਰਹਨ ਕਰੇ ਕੁਲ ਖੇਤਿ । ਅਰਪੈ ਨਾਰਿ ਸੀਂਗਾਰ ਸਮੇਤ ।
ਸਗਲੀ ਸਿਮ੍ਰਿਤੀ ਸ੍ਰਵਨੀ ਸੁਨੈ । ਕਰੈ ਨਿੰਦ ਕਵਨੈ ਨਹੀ ਗੁਨੈ ।੨।

ਜੇ ਓਹੁ ਅਨਿਕ ਪ੍ਰਸਾਦਿ ਕਰਾਵੈ ਭੂਮਿ ਦਾਨ ਸੋਭਾ ਮੰਡਪ ਪਾਵੈ ।
ਅਪਨਾ ਬਿਗਾਰ ਬਿਰਾਨਾ ਸਾਂਢੈ । ਕਰੈ ਨਿੰਦ ਬਹੁ ਜੋਨੀ ਹਾਂਢੈ ।੩।
ਨਿੰਦਾ ਕਹਾਂ ਕਰਹੁ ਸੰਸਾਰਾ । ਨਿੰਦਕ ਕਾ ਪਰਗਟ ਪਾਹਾਰਾ ।
ਨਿੰਦਕੁ ਸੋਧਿ ਸਾਧਿ ਬਿਚਾਰਿਆ । ਕਹੁ ਰਵਿਦਾਸ ਪਾਪੀ ਨਰਕ ਸਿਧਾਰਿਆ ।੪।

ਇਸ ਵਿਚਾਰ ਕਾ ਅਰਥ ਤੋ ਸਪਸ਼ਟ ਹੀ ਹੈ ਤਥਾਪੀ ਯਦ ਕਿੰਚਿਤ ਲਿਖ ਦੇਤੇ ਹੈਂ । ਨਿੰਦਾ ਕਰਨੇ ਵਾਲਾ ਜੀਵ ਅਪਨੀ ਜਿਹਵਾ ਸੇ ਬਿਗਾਨੀ ਮੱਲ ਨਾਮ ਵਿਸ਼ਟ ਸਮਾਨ ਪਾਪੋਂ ਕੂੰ ਧੋਵਤੇ ਰਹਤੇ ਹੈ । ਜੈਸੇ ਗਰਾਮ ਸਿੰਘ ਬਿਰਾਨੀ ਬਵਨ ਬਡੇ ਪ੍ਰੇਮ ਸੇ ਜਬਾਨ ਸੇ ਚਾਟਤੇ ਹੈ ਤਦਵਤ ਨਿੰਦਕ ਬਿਗਾਨੀ ਨਿੰਦਾ ਕਰਕੇ ਜਬਾਨ ਸੇ ਮਲ ਧੋਵਤੇ ਹੈ । ਬਡੇ ਪ੍ਰੇਮ ਸੇ । ਨਿੰਦਕ ਅਪਨੇ ਕਰਮ ਕਾ ਫਲ ਦੋਨੋਂ ਲੋਕੋਂ ਮੇ ਦੁਖ ਹੀ ਪਾਵਤੇ ਹੈ ਨਿੰਦਕ ਕਾ ਮੁਖ ਕਾਲਾ ਦੋਨੋ ਲੋਕੋ ਮੈ ਹੋਵਤੇ ਹੈ ਯਮ ਪੁਰੀ ਮੇ ਭੀ ਘਣੀ

ਸਜਾ ਕੋ ਪਾਵਤੇ ਹੈ । ਨਿੰਦਾ ਕਰ ਕਰ ਕੈ ਪਰਾਈ ਨਿੰਦਕ ਨੇ ਅਪਨਾ ਜਨਮ ਬਿਰਥਾ ਹੀ ਖੋਇ ਡਾਰਯੋ ਹੈ ਕਿਸੀ ਬਾਤਕੀ ਸਮਤਾ ਤੋ ਅਰ ਨਹੀਂ ਸਕਤੇ ਹੈ ਪਰੰਤੂ ਕੇਵਲ ਏਕ ਮਤਸਰ ਕਰਕੇ ਜਲਤੇ ਰਹਤੇ ਹੈ ਇਸ ਹੇਤੂ ਸੇ ਨਿੰਦਕ ਕੋ ਪਰਲੋਕ ਮੇ ਤਥਾ ਇਸ ਲੋਕ ਮੇ ਭੀ ਢੋਈ ਨਹੀਂ ਮਿਲਤੀ ਹੈ । ਪਰੰਤੂ ਓਹੁ ਨਿੰਦਕ ਵਿਚਾਰਾ ਕਯਾ ਕਰੇ ਜਬ ਉਸਕੀ ਕਰਮ ਰਖਾ ਹੀ ਐਸੀ ਬਿਧਾਤਾ ਨੇ ਲਿਖ ਦਈ ਹੈ ਤੂੰ ਬਿਰਾਨੀ ਨਿੰਦਾ ਕਰਕੇ ਉਨਕੇ ਪਾਪੋਂ ਕਾ ਫਲ ਤੂੰ ਭੋਗਤਾ ਰਹੁ ਨਰਕੋਂ ਮੇ ਜਾਇਕੇ । ਨਿੰਦਕ ਕੋ ਭਗਵੰਤ ਐਸੇ ਘੋਰ ਨਰਕ ਮੇ ਡਾਰਤੇ ਹੈ ਜਹਾਂ ਨਿੰਦਕ ਕੀ ਕੋਈ ਪੁਕਾਰ ਭੀ ਨ ਸੁਣੇ । ਨਿੰਦਕ ਕੀ ਗਤਿ ਮੁਕਤਿ ਕਬੀ ਭੀ ਨ ਹੋਵੇ । ਭਗਵੰਤ ਕੋ ਐਸੇ ਹੀ ਭਾਵਤੇ ਹੈ ਜਹਾਂ ਮਹਾਂ ੨ ਹਤਯਾਰੇ ਹੈਂ ਤਿਸ ਨਰਕ ਮੇ ਸੰਤ ਕੇ ਦੋਖੀ ਕੋ ਡਾਰਕੇ ਪੁਨਾ ਇਸ ਕੀ ਸੁਖ ਦੁਖ ਕੀ ਕੋਈ ਬਾਤ ਭੀ ਨ ਪੂਛੋ ਐਸੇ ਕਰੜੇ ਹੁਕਮ ਭਗਵੰਤ ਕੋ ਯਮ ਰਾਜ ਪ੍ਰਤੀ ਹੈ 'ਜੋ ਕੋਈ ਸੰਤ ਕੇ ਨਿੰਦਕ ਪਰ ਦਯਾ ਕਰੇ ਗੋ ਵੋ ਭੀ ਤਿਸ ਕੇ ਸਾਥ ਤਿਸੀ ਨਰਕ ਮੇ ਡਾਰਯੇ ਜਾਵੇਗੋ । ਔ ਸੰਤ ਅਪਨੇ ਪਰਮੇਸ਼ਵਰ ਕੇ ਭਜਨ ਮੇ ਮਗਨ ਰਹਤੇ ਹੈ ਕਿਸੀ ਕਾ ਭੀ ਬੁਰਾ ਨਹੀਂ ਚਿੰਤਨ ਕਰਤੇ । ਜਿਉਂ ੨ ਨਿੰਦਕ ਨਿੰਦਾ ਕਰਤੇ ਹੈਂ ਤਿਉਂ ਤਿਉਂ ਸੰਤ ਜਨ ਪ੍ਰਸੰਨ ਹੋਤੇ ਹੈਂ ।੩। ਕਾਹੇ ਤੇ ਜੋ ਸੰਤਹੁ ਕੋ ਏਕ ਗੋਬਿੰਦ ਜੀ ਕੀ ਓਟ ਹੈ ਔਰ ਕਿਸੀ ਕਾ ਆਸਰਾ ਸੰਤ ਨਾਹੀ ਰਾਖਤੇ ਹੈ ਹੇ ਮੇਰੇ ਸਵਾਮੀ ਏਕ ਤੂੰ ਹੀ ਯੋਗ ਖੇਮ ਕਰਨੇ ਹਾਰੋ ਸੰਤਹੁ ਕੀ ਏਕ ਟੇਕ ਹੈਂ ਔ ਆਪ ਹੀ ਸੰਤਨ ਕੇ ਸਹਾਇਕ ਹੋ ਜਿਨ ਸੰਤਨ ਕੇ ਮਨ ਮੇ ਕੇਵਲ ਗੋਬਿੰਦ ਜੀ ਕੋ ਆਸਰੋ ਹੈ ਉਨਕੀ ਰਖਯਾ ਸ੍ਰੀ ਗੋਬਿੰਦ ਜੀ ਆਪ ਕਰਤੇ ਹੈਂ । ਔਰ ਸੰਤਨ ਕੇ ਨਿੰਦਕ ਕੋ ਸੰਸਾਰ ਸਮੁੰਦਰ ਕੀ ਕਾਲੀ ਧਾਰ ਮੇ ਵਹਾਇ ਦੇਤੇ ਹੈ। ਜਹਾਂ ੨ ਸੰਤਨ ਕੋ ਕੋਈ ਦੁਸ਼ਟ ਦੁਖਾਵ ਤੇ ਹੈ ਸ੍ਰੀ ਨਰੀ ਸਿੰਘ ਵਤ ਤਹਾਂ ਹੀ ਪ੍ਰਗਟ ਹੋਕੇ ਤਿਸ ਕਾ ਨਾਸ ਕਰਕੇ ਸੰਤਕੋ ਅਪਨੇ ਕੰਠ ਸੇ ਲਗਾਇ ਰਾਖਤੇ ਹੈਂ ।੪। ਗੋ: । ਜੇ ਨਿੰਦਕ ਅਪਨੀ ਰਖਯਾ ਵਾਸ਼ਤੇ ਤੀਰਥੋਂ ਮੇ ਪ੍ਰਧਾਨ ਅਠ ਸਠ ਆਦਿਕ ਔਰ ਸਰਬ ਤੀਰਥੋਂ ਕਾ ਇਸਨਾਨ ਭੀ ਕਰਕੇ ਦਵਾਦਸ ਜਯੋਤਿ ਸ਼ਿਵ ਜੀ ਕੇ ਲਿੰਗੋਂ ਕਾ ਵਿਧਿ ਪੂਰਬਿਕ ਪੂਜਨ ਭੀ ਕਰੇ । ਪੁਨਾ ਜੇ ਨਿੰਦਕ ਨਿਰਜਲ ਅਸ਼ਥਾਨ ਮੇਂ ਕੂਪ ਬਾਵਲੀ ਆਦਿਕ ਭੀ ਲਗਾ ਦੇਵੇ ਤਥਾ ਨਦੀ ਤਲਾਵ ਆਦਿਕ ਕੇ ਲੋਕੋ ਕੇ ਸੁਖ ਵਾਸਤੇ ਘਾਟ ਬਨਵਾਇ ਦੇਵੇ ਤਥਾ ਮਾਰਗ ਕੇ ਕਨਾਰੇ ਬਿਰਛ ਬਗੀਚੇ ਭੀ ਲਗਾਵੇ ਕਰੇ ਨਿੰਦਕ ਕਾ ਸਭ ਬਿਰਥਾ ਜਾਵੇ ਅਤਥਾਤ ਇਤਨੇ ਪੁੰਨ ਨਿੰਦ ਜਨਯਾ ਪਾਪ ਕੀ ਨਿਬ੍ਰਿਤੀ ਨਹੀਂ ਕਰ ਸਕਤੇ ਹੈਂ ।੫। ਸਾਧ ਕਾ ਨਿੰਦਕ ਕਿਸੀ ਕਰਮ ਕਿਸੀ ਉਪਾਇ ਕਰਕੇ ਭੀ ਨਰਕ ਕੋ ਤਰ ਨਹੀਂ ਸਕਤੇ ਹੈ ਓੜਕ ਨਿੰਦਾਰੂਪੀ ਆਗ ਮੇ ਅਪਨੇ ਸਰਬ ਮੇ ਅਵਸਯ ਜਾਇ ਜਰਤੇ ਹੈ।੧। ਜੇ ਨਿੰਦਕ ਕੁਰਖੇਤਰ ਮੇ ਜਾਇਕੇ ਸੂਰਯ ਗ੍ਰਹਨ ਸਮੇਂ ਆਪ ਇਸ਼ਨਾਨ ਕਰਏ ਸਿੰਗਾਰ ਅਪਨੀ ਇਸਤਰੀ ਵੇਦਿਸਮ੍ਰਿਤ ਸਹਤ ਦਾਨ ਬੜੇ ਵੇਦਪਾਰਗ ਬ੍ਰਾਹਮਣ ਕੇ ਪ੍ਰਤ ਦਾਨ ਕਰਕੇ ਦੇਵੇ । ਔ ਮਨੂ ਆਦੀ ਅਠਾਈ ੨੮ ਸਿਮ੍ਰਿਤਯਾਂ ਅਛੇ ਉਤਮ ਬ੍ਰਾਹਮਣ ਕੇ ਮੁਖ ਸੇ ਸਰਵਣ ਭੀ ਕਰ ਪਰੰਤੂ ਜੇ ਨਿੰਦਾ ਕਰਤੇ ਹੈ ਤਬ ਤਿਸਕਾ ਕੀਆ ਹੂਆ ਪੁੰਨ ਦਾਨ ਸਭੀ ਬਯਰਥ ਹੈ ।੨। ਜੇ ਨਿੰਦਕ ਅਨੇਕ ਪ੍ਰਕਾਰ ਕੇ ਸੁੰਦਰ ਭੋਜਨ ਬਨਵਾਇਕੇ ਅਤਿਥੀ ਸਾਧੂ ਬ੍ਰਾਹਮਣੋਂ ਅਭਯਾਗਤੋਂ ਕੋ ਛਕਾਵਤੇ ਹੈ ਭੂਮੀ ਦਾਨ ਭੀ ਕਰਤੇ ਹੈ ਸੁੰਦਰ ਮੰਦਰ ਸੋਭਨੀਕ ਬਨਾਇਕੇ ਸਰਬ ਵਰਤਨੇ ਕੀ ਸਮਿਗ੍ਰੀ ਮੰਦਰ ਮੇ ਭਰਕੇ ਉਤਮ ਅਧਿਕਾਰੀ ਬ੍ਰਾਹਮਣ ਕੇ ਪ੍ਰਤਿ ਦਾਨ ਕਰਕੇ ਦੇਤੇ ਭੀ ਹੈ ਔਰ ਹਸਤੀ ਦਾਨ ਅਸਵ ਦਾਨ ਕੰਚਨ ਦਾਨ ਤੁਲਾ ਦਾ ਨਾਇਕ ਭੀ ਕਰਤੇ ਹੈ ਅਪਨੇ ਕਾਮ ਬਿਗਾਰ ਕੇ ਬਿਰਾਨੇ ਕਾਰਯ ਸਵਾਰ ਦੇਤੇ ਬਹੁਤ ਕਯਾ ਕਹਨੇ ਹੈ ਜੋ ਕੋਈ ਭਿਛੂ ਸਿਰ ਮਾਂਗੇ ਤੋ ਸਿਰ ਭੀ ਦੇ ਡਾਰਤੇ ਹੈ ਐਸੇ ਉਪਕਾਰੀ ਮਹਾ ਦਾਨੀ ਭੀ ਹੈ ਪਰੰਤੂ ਜੇ ਸੰਤ੍ਰ ਕੀ ਅਥਵਾ ਕਿਸੀ ਪ੍ਰਾਂਣ ਧਾਰੀ ਮਾਤਰ ਕੀ ਨਿੰਦਾ ਕਰਤੇ ਹੈ ਤਬ ਤਿਸ ਪੁਨਯ

ਜਨਯ ਪਰਮ ਤਿਸ ਨਿੰਦਾ ਜਨਯ ਪਾਪ ਸੇ ਨਹੀਂ ਬਚਾਇ ਸਕੇ ਹੈ ਪੁੰਨ ਦਾਨ ਧਰਮ ਨਿੰਦਾ ਰੂਪੀ ਦੋਸ ਸੇ ਸਭੀ ਨਿਸਫਲ ਹੋ ਜਾਤੇ ਹੈਂ ਔਰ ਜਿਤਨੇ ਦਾਨ ਇਸਨਾਨ ਆਦਿਕ ਧਰਮ ਹੈਂ ਵੋ ਤੋ ਗੁੰਜਾ ਕੇ ਸਮੂੰਹ ਕੇ ਸਮਾਨ ਹੈ ਔ ਨਿੰਦਾ ਜਨਯ ਪਾਪ ਪਰਬਤ ਕੇ ਸਦ੍ਰਿਸ ਹੈ ਇਸ ਹੇਤੂ ਸੇ ਨਾਤੋ ਏਕ ੨ ਧਰਮ ਨਿੰਦਾ ਕੋ ਜੀਤ ਸਕਤੇ ਹੈ ਔ ਨ ਸਾਰੇ ਧਰਮ ਮਿਲ ਕੇ ਨਿੰਦਾ ਜਨਯ ਪਾਪ ਕੋ ਜੀਤ ਸਕਤੇ ਹੈ ।੩। ਇਸ ਵਿਚਾਰ ਸੇ ਬਡੀ ਕਰੁਣਾ ਕਰਕੇ ਸਰਬ ਸੰਸਾਰੀ ਜਨੋ ਕੇ ਪ੍ਰਤੀ ਸ੍ਰੀ ਰਵਿਦਾਸ ਜੀ ਸਾਂਝਾ ਉਪਦੇਸ਼ ਕਰਤੇ ਹੈ। ਹੇ ਲੋਕੋ ਨਿੰਦਾ ਕਿਸ ਲੀਏ ਕਰਤੇ ਹੋ ਨਿੰਦਕ ਕਾ ਪਹਾਰਾ ਨਿਸਾਨ ਸੰਸਾਰ ਮੇ ਪ੍ਰਗਟ ਹੈ ਤ੍ਯਾ ਸੰਪੂਰਣ ਬੇਦ ਸਾਸਤ੍ਰ ਪੁਰਾਣ ਸਿਮ੍ਰਤ੍ਯਾਂ ਵਿਚਾਰ ਕੇ ਸੋਧ ਕੇ ਦੇਖ ਲੀਓ ਹੈ ਨਿੰਦਕ ਕਾ ਭਲਾ ਕਹੂੰ ਨਹੀ ਹੋਤੇ ਹੈ ਔ ਨ ਪਰਲੋਕ ਮੇ ਭੀ ਨਿੰਦਕ ਸ਼ੁਭ ਗਤੀ ਕੋ ਪ੍ਰਾਪਤ ਹੋਤੇ ਹੈ ਕਿੰਤੂ ਨਰਕ ਕੋ ਹੀ ਜਾਤੇ ਹੈ ਨਰਕ ਜਤੀ ਬਿਨਾ ਸੰਤ ਕੇ ਨਿੰਦਕ ਪਾਪੀ ਕੋ ਔਰ ਠੋਰ ਕੋਈ ਨਹੀਂ ਝਲਤੇ ।੪। ਜੈਸਾ ਕਰੇ ਸੋ ਤੈਸਾ ਪਾਵੇ । ਅਭਿਮਾਨੀ ਕੀ ਜੜ੍ਹ ਸਰ ਪਰ ਜਾਵੇ ਇਤਯਾਦਿਕ ਨਿੰਦਾ ਕੇ ਨਿਖੇਧ ਕਰਣੇ ਹਾਰੇ ਅਨੇਕ ਵਚਨ ਹੈ ਪਰੰਤੂ ਅਪਨੀ ਮਾਨ ਪ੍ਰਤਿਸ਼ਟਾ ਕੇ ਅਭਿਮਾਨ ਕਰਕੇ ਮਸਤ ਹੂਆ ਜੀਵ ਪ੍ਰਮਾਦੀ ਸਤ ਪੁਰਖੋਂ ਕੀ ਨਿੰਦਾ ਕਰਣੇ ਪਰ ਕਮਰ ਬਾਂਧ ਲੇਤੇ ਹੈ ਆਪ ਕੂੰ ਬਡੇ ਮਹਾਤਮਾ ਸਰੇਸ਼ਟ ਸਭ ਸੇ ਜਾਨ ਤੇ ਹੈ ਔ ਅਪਨੇ ਸੇ ਭਿੰਨ ਬਡੇ ੨ ਸਤਪੁਰਖੋਂ ਕੋ ਮਹਾਤਮਾਉਂ ਕਾ ਤ੍ਰਿਸਕਾਰ ਕਰਣੇ ਲਾਗ ਜਾਤੇ ਹੈ ਬੇਦ ਸ਼ਸਤਰ ਕੋ ਤਰਕਣੇ ਲਾਗ ਜਾਤੇ ਹੈ ਤਥਾਚ ਗੁਰੂ ਸ਼ਬਦ :

ਆਪ ਸਕੋ ਦੀਰਘ ਕਰ ਮਾਨੈ ਔਰ ਨ ਕੋ ਲਘੂ ਮਾਤ ॥
ਮਨਸਾ ਵਾਚਾ ਕਰਮਣਾ ਮੈ ਦੇਖੇ ਦੋਜਕ ਜਾਤ ।

